Rs.10/-
Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 18-05-2024 • Vol.42 No.20 • Ph. : 0175-2214575, 90410-14575 • Page : 16
E-mail : khetiduniyan1983@gmail.com



# ਨਰਮੇ ਵਿੱਚ ਚਿੱਟੀ ਮੱਖੀ ਦਾ ਸਰਵਪੱਖੀ ਕੀਟ ਪ੍ਰਬੰਧਨ

**ਜਸਜਿੰਦਰ ਕੌਰ, ਜਸਰੀਤ ਕੌਰ ਅਤੇ ਹਰਜੀਤ ਸਿੰਘ ਬਰਾੜ,** ਖੇਤਰੀ ਖੋਜ ਕੇਂਦਰ, ਬਠਿੰਡਾ (ਮੋ. 98763-69450)

**ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਨਰਮੇ ਦੇ ਪੱਤਿਆਂ ਦੇ ਹੇਠਲੇ ਪਾਸੇ ਤੋਂ ਰਸ ਚੂਸਦੇ ਹਨ, ਜਿਸ ਨਾਲ ਪੌਦਾ ਕਮਜ਼ੋਰ ਪੈ ਜਾਂਦਾ ਹੈ ਅਤੇ ਲਗਭਗ ਸਾਰੀਆਂ ਫੁੱਲ ਡੋਡੀਆਂ ਝਾੜ ਦਿੰਦਾ ਹੈ ਅਤੇ**



**ਇਸ ਤਰ੍ਹਾਂ ਨਰਮੇ ਦੀ ਫਸਲ ਦੇ ਝਾੜ ਵਿਚ ਕਾਫੀ ਨੁਕਸਾਨ ਹੋ ਜਾਂਦਾ ਹੈ । ਨਾਲ ਹੀ ਇਸ ਕੀਟ ਦਾ ਮਲ-ਮੂਤਰ ਜੋ ਸ਼ਹਿਦ ਵਰਗਾ ਚਿਪਚਿਪਾ ਹੁੰਦਾ ਹੈ, ਸਾਰੇ ਪੱਤਿਆਂ ਉੱਪਰ ਫੈਲ ਜਾਂਦਾ ਹੈ, ਜਿਸ ਉੱਪਰ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ । ਪੱਤਿਆਂ ਦੇ ਕਾਲੇ ਪੈਣ ਕਰਕੇ ਪੌਦੇ ਆਪਣਾ ਭੋਜਨ ਬਣਾਉਣ 'ਚ ਅਸਮਰੱਥ ਹੋ ਜਾਂਦੇ ਹਨ । ਇਹ ਮੱਖੀ ਨਰਮੇ ਵਿਚ ਲੀਫ ਕਰਲ ਵਾਇਰਸ (ਪੱਤਾ ਮਰੋੜ ਬਿਮਾਰੀ) ਵੀ ਫੈਲਾਉਂਦੀ ਹੈ, ਜਿਸ ਨਾਲ ਨਰਮੇ ਦੇ ਵਾਧੇ ਅਤੇ ਝਾੜ ਵਿਚ ਨੁਕਸਾਨ ਹੁੰਦਾ ਹੈ । ਚਿੱਟੀ ਮੱਖੀ ਕਈ ਪੌਦਿਆਂ ਤੇ ਪਲਦੀ ਹੈ, ਜਿਹਨਾਂ ਵਿਚ ਸਬਜ਼ੀਆਂ ਅਤੇ ਕਈ ਨਦੀਨ ਸ਼ਾਮਲ ਹਨ, ਜਿਸ ਕਰਕੇ ਇਹ ਸਾਰਾ ਸਾਲ ਪਲਦੀ ਰਹਿੰਦੀ ਹੈ । ਇਸ ਕੀਟ ਦਾ ਸਰਵ-ਪੱਖੀ ਪ੍ਰਬੰਧ ਸਾਰਾ ਸਾਲ ਕਰਨ ਦੀ ਲੋੜ ਹੈ ।**

## ਚਿੱਟੀ ਮੱਖੀ ਦਾ ਪ੍ਰਬੰਧਨ

ਨਰਮੇ ਵਿਚ ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਸਰਵਪੱਖੀ ਅਤੇ ਸਾਰਾ ਸਾਲ ਪ੍ਰਬੰਧਨ ਦੀ ਲੋੜ ਹੈ, ਜਿਸ ਵਿਚ ਹੇਠ ਲਿਖੀਆਂ ਗੱਲਾਂ ਤੇ ਧਿਆਨ ਰੱਖਣਾ ਚਾਹੀਦਾ ਹੈ :

**ਸਾਫ-ਸੁੱਥਰੀ ਖੇਤੀ** : ਚਿੱਟੀ ਮੱਖੀ ਸਰਦੀਆਂ ਦੀ ਰੁੱਤ ਵਿਚ ਨਦੀਨਾਂ ਜਾਂ ਹੋਰ ਪਸੰਦੀਦਾ ਫਸਲਾਂ ਉੱਪਰ ਪਲਦੀ ਹੈ, ਇਸ ਲਈ ਜੇਕਰ ਇਸ ਰੁੱਤ ਵਿਚ ਇਸਦੇ ਪਲਣ ਵਾਲੇ ਨਦੀਨ ਜਾਂ ਹੋਰ ਪੌਦਿਆਂ ਨੂੰ ਖਤਮ ਕਰਕੇ ਇਸਦਾ ਹਮਲਾ ਨਰਮੇ ਦੀ ਰੁੱਤ ਵਿਚ ਘਟਾਇਆ ਜਾ ਸਕਦਾ ਹੈ । ਖੇਤਾਂ ਵਿਚ ਅਤੇ ਆਲੇ ਦੁਆਲੇ ਤੋਂ ਨਦੀਨਾਂ ਦਾ ਖਾਤਮਾ ਸਾਰਾ ਸਾਲ ਕਰਨਾ ਚਾਹੀਦਾ ਹੈ । ਚਿੱਟੀ ਮੱਖੀ ਨੂੰ ਪਾਲਣ ਵਾਲੇ ਪੌਦੇ ਜਿਵੇਂ ਕਿ ਭਿੰਡੀ, ਮੂੰਗੀ, ਅਰਹਰ, ਅਰਿੰਡ, ਢੈਂਚਾ ਅਤੇ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਤਾਂਦਲਾ, ਗੁੱਤ-ਪੁੱਟਣਾ, ਧਤੂਰਾ, ਮਕੋਹ, ਗਾਜਰ ਘਾਹ, ਕੱਦੂ ਜਾਤੀ ਅਤੇ ਆਪ ਮੁਹਾਰੇ ਉੱਗਣ ਵਾਲੇ ਨਰਮੇ ਦੇ ਬੂਟਿਆਂ ਨੂੰ ਨਸ਼ਟ ਕਰ ਦਿਓ । ਫਸਲੀ ਰਹਿੰਦ-ਖੂੰਹਦ ਨੂੰ ਖੇਤ ਵਿਚੋਂ ਖਤਮ ਕਰਨਾ ਅਤੇ ਖੇਤ ਨੂੰ ਹੋਰ ਨਦੀਨਾਂ ਅਤੇ ਘਾਹ ਤੋਂ ਮੁਕਤ ਰੱਖ ਕੇ, ਚਿੱਟੀ ਮੱਖੀ ਤੋਂ ਹੋਣ ਵਾਲੇ ਨਰਮੇ ਦੇ ਨੁਕਸਾਨ ਨੂੰ ਬਚਾਇਆ ਜਾ ਸਕਦਾ ਹੈ ।

**ਸਾਰਣੀ 1 : ਚਿੱਟੀ ਮੱਖੀ ਦੀ ਰੋਕਥਾਮ ਲਈ ਕੀਟਨਾਸ਼ਕ**

| ਕੀਟਨਾਸ਼ਕ ਦਾ ਨਾਮ | ਮਾਤਰਾ/ ਏਕੜ | ਮਾਰਕਾ |
|---|---|---|
| ਐਫੀਕੋਪਾਈਰੇਪੈਨ 50 ਡੀ ਸੀ | 400 ਮਿ. ਲੀ. | ਸੈਫੀਨਾ |
| ਡਾਇਆਫੈਨਥਾਇਯੂਰਾਨ 50 ਡਬਲਯੂ ਪੀ | 200 ਗ੍ਰਾਮ | ਪੈਲੋ/ਰੂਬੀ/ਸ਼ੋਕੂ |
| ਪਾਈਰੀਪ੍ਰੋਕਸੀਫੇਨ 10 ਈ ਸੀ | 500 ਮਿ. ਲੀ. | ਲੇਨੋ/ਡੈਤਾ |
| ਸਪਾਈਰੋਮੈਸੀਫੇਨ 22.9 ਐਸ ਸੀ | 200 ਮਿ. ਲੀ. | ਓਬਰੇਨ/ਵੋਲਟੇਜ਼ |
| ਡਾਇਨੋਟੈਫੂਰਾਨ 20 ਐਸ ਜੀ | 60 ਗ੍ਰਾਮ | ਓਸ਼ੀਨ |
| ਇਥੀਆਨ 50 ਈ ਸੀ | 800 ਮਿ. ਲੀ. | ਫਾਸਮਾਈਟ/ਈ-ਮਾਈਟ/ ਵਾਲਟਾਥਿਆਨ |
| ਕਲੋਥੀਅਨਡਿਨ 50 ਡਬਲਊ ਜੀ | 20 ਗ੍ਰਾਮ | ਡੈਂਟੋਟਸੂ |
| ਨਿੰਮ ਅਧਾਰਿਤ ਕੀਟਨਾਸ਼ਕ | 1.0 ਲੀਟਰ | ਨਿੰਬੀਸੀਡੀਨ ਜਾਂ ਅਚੂਕ |
| ਘਰ ਦਾ ਬਣਾਇਆ ਨਿੰਮ ਦਾ ਘੋਲ* | 1200 ਮਿ. ਲੀ. | -- |

*ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲੀਟਰ ਪਾਣੀ ਵਿਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜੇ ਨਾਲ ਛਾਣ ਲਓ ਅਤੇ ਤਰਲ ਨੂੰ ਸਿਫਾਰਿਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।

## ਖੇਤ ਅਤੇ ਕਿਸਮ ਦੀ ਚੋਣ

ਨਰਮੇ ਨੂੰ ਬਾਗਾਂ ਵਿਚ ਜਾਂ ਬਾਗਾਂ ਦੇ ਨੇੜੇ ਨਹੀਂ ਬੀਜਣਾ ਚਾਹੀਦਾ ਅਤੇ ਨਾ ਹੀ ਇਸ ਫਸਲ ਨੂੰ ਚਿੱਟੀ ਮੱਖੀ ਦੀਆਂ ਹੋਰ ਪਸੰਦੀਦਾ ਫਸਲਾਂ ਜਿਵੇਂ ਕਿ ਮੂੰਗੀ, ਬੈਂਗਣ, ਟਮਾਟਰ, ਕੱਦੂ ਜਾਤੀ ਦੀਆਂ ਫਸਲਾਂ ਦੇ ਨੇੜੇ ਬੀਜੋ । ਜੇਕਰ ਨਰਮਾ ਇਹਨਾਂ ਫਸਲਾਂ ਤੋਂ ਦੂਰ ਹੋਵੇਗਾ ਤਾਂ ਚਿੱਟੀ ਮੱਖੀ ਦੀ ਇਕ ਫਸਲ ਤੋਂ ਦੂਜੀ ਫਸਲ ਤੇ ਨਹੀਂ ਪਹੁੰਚ ਪਾਵੇਗੀ । ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਜਾਂ ਹਾਈਬ੍ਰਿਡ ਹੀ ਬੀਜੋ । ਭਿੰਡੀ ਪੱਤੇ ਵਾਲੀਆਂ ਨਰਮੇ ਦੀਆਂ ਕਿਸਮਾਂ ਅਤੇ ਦੇਸੀ ਕਪਾਹ ਦੀਆਂ ਕਿਸਮਾਂ, ਚਿੱਟੀ ਮੱਖੀ ਦੇ ਹਮਲੇ ਨੂੰ ਸਹਿਣ ਦੀ ਸਮਰੱਥਾ ਰਖਦੀਆਂ ਹਨ, ਸੋ ਇਸ ਤਰ੍ਹਾਂ ਦੀਆਂ ਕਿਸਮਾਂ ਨੂੰ ਤਰਜੀਹ ਦਿਓ ।

## ਸਿਹਤਮੰਦ ਫਸਲ ਪ੍ਰਬੰਧ

ਇਸ ਲਈ ਪਹਿਲੀ ਅਤੇ ਅਤਿ-ਜ਼ਰੂਰੀ ਗੱਲ ਇਹ ਹੈ ਕਿ, ਨਰਮੇ ਦੀ ਬਿਜਾਈ ਸਮੇਂ ਸਿਰ ਕਰੋ । ਨਰਮੇ ਦੀ ਬਿਜਾਈ ਲਈ ਢੁੱਕਵਾ ਸਮਾਂ 1 ਅਪ੍ਰੈਲ ਤੋਂ 15 ਮਈ ਤੱਕ ਦਾ ਹੈ । ਇਸ ਤੋਂ ਲੇਟ ਨਰਮਾ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਲੇਟ ਬੀਜੀ ਫਸਲ ਤੇ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ । ਨਰਮੇ ਦੀ ਫਸਲ ਨੂੰ ਸੋਕਾ ਨਾ ਲੱਗਣ ਦਿਓ, ਕਿਉਂਕਿ ਸੋਕੇ ਵਿਚ ਦੱਬੀ ਫਸਲ ਤੇ ਵੀ ਇਸ ਕੀਟ ਦਾ ਹਮਲਾ ਵਧੇਰੇ ਹੁੰਦਾ ਹੈ । ਫਸਲ ਨੂੰ ਲੋੜੀਂਦੇ ਖੁਰਾਕੀ ਤੱਤ ਸਹੀ ਮਾਤਰਾ ਅਤੇ ਸਹੀ ਸਮੇਂ ਤੇ ਦਿਓ ਤਾਂ ਜੋ ਨਰਮਾ ਕਿਸੇ ਘਾਟ ਕਰਕੇ ਕਮਜ਼ੋਰ ਨਾ ਰਹੇ ਅਤੇ ਨਾ ਹੀ ਜ਼ਿਆਦਾ ਮਾਤਰਾ ਵਿਚ ਖਾਦਾਂ ਪਾਉਣ ਕਰਕੇ ਨਰਮਾ ਲੇਟ ਖਿੜੇ ਅਤੇ ਅਖੀਰ ਤੱਕ ਪਤਰਾਲ ਜ਼ਿਆਦਾ ਰਹੇ ।

## ਮਿੱਤਰ ਕੀੜਿਆਂ ਨੂੰ ਵਧਾਉਣਾ

ਕੁਦਰਤ ਦੇ ਸੰਤੁਲਣ ਨੂੰ ਬਰਕਰਾਰ ਰੱਖਣ ਲਈ ਫਸਲਾਂ ਦੇ ਕਈ ਤਰ੍ਹਾਂ ਦੇ ਲਾਭਦਾਇਕ ਕੀੜੇ ਮਹੱਤਵਪੂਰਣ ਰੋਲ ਅਦਾ ਕਰਦੇ ਹਨ । ਨਰਮੇ ਦੀ ਫਸਲ ਵਿਚ ਕੁਦਰਤੀ ਤੌਰ ਤੇ ਮਿੱਤਰ ਕੀੜੇ ਜਿਵੇਂ ਕਿ ਲੇਡੀ ਬਰਡ ਬੀਟਲ, ਇਨਕਾਰਸੀਆ, ਕਰਾਈਸੋਪਾ, ਪਰੀਟਰੀ ਬਗ, ਮੱਕੜੀਆਂ, ਆਦਿ, ਅਕਸਰ ਖੇਤ ਵਿਚ ਨਜ਼ਰ-ਅੰਦਾਜ਼ ਹੋ ਜਾਂਦੇ ਹਨ । ਇਹਨਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ । ਫਸਲ ਦੇ ਇਹਨਾਂ ਮਿੱਤਰ ਕੀੜਿਆਂ ਦੀ ਸੰਖਿਆ ਵਧਾਉਣ ਲਈ ਸਰਵਪੱਖੀ ਕੀਟ ਪ੍ਰਬੰਧਨ ਨੂੰ ਅਪਨਾਉਣ ਦੀ ਲੋੜ ਹੈ, ਜਿਸ ਵਿਚ ਕੀਟਨਾਸ਼ਕਾਂ ਦੇ ਸਪਰੇਅ ਨੂੰ ਆਰਥਿਕ ਨੁਕਸਾਨ ਕਗਾਰ ਤੇ ਕਰਨਾ, ਫਸਲ ਵਿਚ ਸ਼ੁਰੂ ਵਿਚ ਬਾਇਓ-ਕੀਟਨਾਸ਼ਕਾਂ ਜਾਂ ਨਿੰਮ ਅਧਾਰਿਤ ਕੀਟਨਾਸ਼ਕਾਂ ਦੀ ਵਰਤੋਂ ਅਤੇ ਖੇਤ ਦੇ ਆਲੇ ਦੁਆਲੇ ਨੂੰ ਨਦੀਨਾਂ ਤੋਂ ਮੁਕਤ ਕਰਨਾ ਸ਼ਾਮਿਲ ਹਨ ।

## ਸਾਰਾ ਸਾਲ ਪ੍ਰਬੰਧਨ

ਕਿਸੇ ਵੀ ਸਾਲ ਦੇ ਨਰਮੇ ਦੀ ਫਸਲ ਤੇ ਚਿੱਟੀ ਮੱਖੀ ਦਾ ਹਮਲਾ ਵਧਣ ਦਾ ਕਾਰਨ, ਸਰਦੀਆਂ ਵਿਚ ਮੌਸਮ ਦਾ ਅਨੁਕੂਲ ਰਹਿਣਾ, ਇਸ ਕੀੜੇ ਨੂੰ ਪਲਣ ਅਤੇ ਵਾਧੇ ਵਾਸਤੇ ਨਦੀਨ ਜਾਂ ਹੋਰ ਫਸਲਾਂ ਦਾ ਮੌਜੂਦ ਹੋਣਾ ਅਤੇ ਇਸ ਕੀਟ ਕੇ ਕੁਦਰਤੀ ਸੰਤੁਲਨ ਨੂੰ ਖਰਾਬ ਕਰਨ ਵਾਲੀਆਂ ਪ੍ਰਬੰਧਨ ਕਿਰਿਆਵਾਂ ਹੋ ਸਕਦੇ ਹਨ । ਇਸ ਲਈ ਇਸ ਕੀੜੇ ਨਾਲ ਨਜਿੱਠਣ ਲਈ ਸਾਰਾ ਸਾਲ ਪ੍ਰਬੰਧਨ ਦੀ ਲੋੜ ਹੈ, ਜਿਸ ਨਾਲ ਇਸ ਦਾ ਹਮਲਾ ਨਰਮੇ ਤੇ ਵਧੇਰੇ ਮਾਤਰਾ ਵਿਚ ਨਾ ਹੋਵੇ ।

## ਖੇਤਰੀ ਪੱਧਰ ਜਾਂ ਪਿੰਡ ਪੱਧਰ ਤੇ ਪ੍ਰਬੰਧਨ

ਨਰਮੇ ਵਿਚ ਚਿੱਟੀ ਮੱਖੀ ਦੇ ਹਮਲੇ ਨੂੰ ਰੋਕਣ ਲਈ ਪਿੰਡ ਪੱਧਰ ਤੇ ਸਾਰੇ ਕਿਸਾਨਾਂ ਨੂੰ ਇਕੱਠੇ ਹੋ ਕੇ ਪ੍ਰਬੰਧ ਕਰਨ ਦੀ ਲੋੜ ਹੈ । ਇਸ ਪ੍ਰੋਗਰਾਮ ਤਹਿਤ, ਨਰਮੇ ਦੀ ਬਿਜਾਈ ਇਕ ਸਮੇਂ ਵਿਚ ਕਰਨਾ, ਨਦੀਨਾਂ ਦਾ ਖਾਤਮਾ, ਚਿੱਟੀ ਮੱਖੀ ਦੇ ਕੁਦਰਤੀ ਦੁਸ਼ਮਣ ਕੀੜਿਆਂ ਨੂੰ ਬਚਾਉਣਾ, ਜ਼ਿਆਦਾ ਤੇਜ਼ ਕੀਟਨਾਸ਼ਕਾਂ ਦੇ ਛਿੜਕਾਅ 'ਚ ਦੇਰੀ ਕਰਨਾ, ਸ਼ੁਰੂਆਤੀ ਦੌਰ ਵਿਚ ਇਸ ਕੀੜੇ ਦੇ ਵਾਧੇ ਨੂੰ ਰੋਕਣ ਲਈ ਨਿੰਮ ਵਾਲੀਆਂ ਕੀਟਨਾਸ਼ਕਾਂ ਦੀ ਵਰਤੋਂ, ਖੇਤਾਂ ਨੂੰ ਅਤੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣਾ ਆਦਿ ਸ਼ਾਮਿਲ ਹਨ । ਜੇ ਇਹ ਸਾਰੇ ਕੰਮ ਇਕ ਵੱਡੇ ਰਕਬੇ ਤੇ ਇਕੱਠੇ ਕੀਤੇ ਜਾਣ, ਤਾਂ ਇਸ ਕੀਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ । ਪਿੰਡ ਪੱਧਰ ਤੇ ਸਮੇਂ ਸਿਰ ਬੀਜੀ ਨਰਮੇ ਦੀ ਫਸਲ ਨਾਲ ਇਸ ਕੀਟ ਨੂੰ ਛੋਟੀ ਅਤੇ ਕਮਜ਼ੋਰ ਫਸਲ ਨਹੀਂ ਮਿਲੇਗੀ, ਜਿਸ ਨਾਲ ਇਸ ਦੀਆਂ ਪੁਸ਼ਤਾਂ ਅਤੇ ਜਨਸੰਖਿਆ ਵਿਚ ਵਾਧਾ ਘੱਟ ਜਾਵੇਗਾ । ਲੇਟ ਬੀਜੀ ਨਰਮੇ ਦੀ ਫਸਲ ਕਮਜ਼ੋਰ ਹੋਣ ਕਰਕੇ ਉਸ ਉੱਪਰ ਚਿੱਟੀ ਮੱਖੀ ਦਾ ਹਮਲਾ ਅਤੇ ਨੁਕਸਾਨ ਵਧੇਰੇ ਹੁੰਦਾ ਹੈ ।

## ਰਸਾਇਣਕ ਕੀਟਨਾਸ਼ਕਾਂ ਦਾ ਪ੍ਰਯੋਗ

**ਕੀਟਨਾਸ਼ਕਾਂ ਦੀ ਚੋਣ** : ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਇਸਦੇ ਕੁਦਰਤੀ ਦੁਸ਼ਮਣ ਕੀਟ ਜਿਵੇਂ ਕਿ ਕੋਕਸੀਨੇਲਿਡ, ਕਰਾਈਸੋਪਾ, ਪਾਈਰੇਟ ਬੱਗ ਅਤੇ ਮੱਕੜੀਆਂ ਬਹੁਤ ਅਹਿਮ ਰੋਲ ਅਦਾ ਕਰਦੇ ਹਨ । ਸੋ ਇਹਨਾਂ ਨੂੰ ਬਚਾਉਣ ਲਈ ਸਪਰੇਅ ਕਰਨ ਵੇਲੇ ਕੀਟਨਾਸ਼ਕਾਂ ਦੀ ਚੋਣ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ । ਨਰਮੇ ਦੇ ਸ਼ੁਰੂਆਤੀ ਦਿਨਾਂ ਵਿਚ ਸਾਰੇ ਕੀੜਿਆਂ ਨੂੰ ਖਤਮ ਕਰਨ ਵਾਲੇ ਤੇਜ਼ ਕੀਟਨਾਸ਼ਕ ਜਿਵੇਂ ਕਿ ਸਿੰਥੈਟਿਕ ਪਾਈਰੇਥਰਾਇਡ ਤੇ ਓਰਗੈਨੋ- ਫਾਸਫੇਟ ਨਹੀਂ ਵਰਤਣੇ ਚਾਹੀਦੇ । ਇਸ ਸਮੇਂ ਨਿੰਮ ਵਾਲੇ ਕੀਟਨਾਸ਼ਕ ਜਾਂ ਹਰੀ ਰਸਾਇਣ ਵਾਲੇ ਕੀਟਨਾਸ਼ਕਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ, ਤਾਂ ਜੋ ਚਿੱਟੀ ਮੱਖੀ ਦੇ ਦੁਸ਼ਮਣ ਕੀੜਿਆਂ ਦੀ ਗਿਣਤੀ ਨਾ ਘਟੇ ।

**ਕੀਟਨਾਸ਼ਕਾਂ ਪ੍ਰਤੀਰੋਧਕਤਾ ਪ੍ਰਬੰਧਨ** : ਚਿੱਟੀ ਮੱਖੀ ਦੀ ਵਾਧਾ ਦਰ ਬਹੁਤ ਤੇਜ਼ ਹੋਣ ਕਰਕੇ, ਇਸ ਵਿਚ ਕੀਟਨਾਸ਼ਕਾਂ ਪ੍ਰਤੀ ਪ੍ਰਤੀਰੋਧਕਤਾ ਆ ਸਕਦੀ



ਹੈ । ਇਸ ਲਈ ਸਪਰੇਅ ਆਰਥਿਕ ਕਗਾਰ (6 ਬਾਲਗ/ਪੱਤਾ) ਤੇ ਕਰਨਾ ਚਾਹੀਦਾ ਹੈ । ਇਸ ਨਾਲ ਕੀਟਨਾਸ਼ਕਾਂ/ ਸਪਰੇਆਂ ਦੀ ਗਿਣਤੀ ਘਟੇਗੀ, ਜਿਸ ਨਾਲ ਪ੍ਰਤੀਰੋਧਕਤਾ ਦੇ ਆਸਾਰ ਘੱਟ ਜਾਣਗੇ । ਕਿਸੇ ਵੀ ਰਸਾਇਣਕ ਕੀਟਨਾਸ਼ਕ ਲਈ ਜਿੰਨੀਆਂ ਸਪਰੇਆਂ ਦੀ ਸਿਫਾਰਸ਼ ਹੈ, ਉਸ ਤੋਂ ਜ਼ਿਆਦਾ ਗਿਣਤੀ ਵਿਚ ਇਸ ਦੀ ਸਪਰੇਅ ਨਹੀਂ ਕਰਨੀ ਚਾਹੀਦੀ । ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਸਾਰਣੀ 1 ਵਿਚ ਦਿੱਤੇ ਕੀਟਨਾਸ਼ਕਾਂ ਦਾ ਬਦਲ-ਬਦਲ ਕੇ ਸਪਰੇਅ ਕਰਨਾ ਚਾਹੀਦਾ ਹੈ ।

## ਕੀਟਨਾਸ਼ਕ ਦੀ ਚੋਣ ਲਈ ਜਰੂਰੀ ਨੁਕਤੇ

1. ਬਾਲਗ ਚਿੱਟੀ ਮੱਖੀ ਅਤੇ ਹਰੇ ਤੇਲੇ ਦੀ ਗਿਣਤੀ ਨਰਮੇ ਦੀ ਫਸਲ ਤੇ ਜ਼ਿਆਦਾ ਹੋਵੇ ਤਾਂ ਬਾਲਗ ਲਈ ਸਪਰੇਅ ਕਰੋ ਅਤੇ 8-10 ਦਿਨਾਂ ਮਗਰੋਂ ਚਿੱਟੀ ਮੱਖੀ ਦੇ ਬੱਚਿਆਂ ਨੂੰ ਖਤਮ ਕਰਨ ਲਈ ਪਾਈਰੀਪ੍ਰੋਕਸੀਫੇਨ ਜਾਂ ਸਪਾਈਰੋਮੈਸੀਫੇਨ ਦੀ ਵਰਤੋਂ ਕਰੋ ।
2. ਜੇ ਚਿੱਟੀ ਮੱਖੀ ਦੇ ਬੱਚਿਆਂ ਦੀ ਗਿਣਤੀ ਜ਼ਿਆਦਾ ਦਿਖੇ ਤਾਂ ਪਾਈਰੀਪ੍ਰੋਕਸੀਫੇਨ ਜਾਂ ਸਪਾਈਰੋਮੈਸੀਫੇਨ ਦੀ ਵਰਤੋਂ ਕਰੋ, ਅਤੇ 8-10 ਦਿਨਾਂ ਮਗਰੋਂ ਇਸ ਕੀਟ ਦੇ ਬਾਲਗ ਨੂੰ ਖਤਮ ਕਰਨ ਵਾਲੇ ਕੀਟਨਾਸ਼ਕ ਜਿਵੇਂ ਕਿ ਇਥੀਆਨ ਜਾਂ ਐਫੀਡੋਪਾਈਰੇਪੈਨ ਦੀ ਸਪਰੇ ਕਰੋ ।
3. ਜੇ ਬਾਲਗ ਅਤੇ ਬੱਚਿਆਂ ਦੀ ਗਿਣਤੀ ਖੇਤ ਵਿਚ ਜ਼ਿਆਦਾ ਹੋਵੇ ਤਾਂ ਨਰਮੇ ਦੀ ਫਸਲ ਦਾ ਪਤਰਾਲ ਕਾਫੀ ਸੰਘਣਾ ਹੋਵੇ (ਅਗਸਤ ਦੇ ਪਹਿਲੇ ਪੰਦਰਵਾੜੇ) ਤਾਂ ਡਾਇਆਫੈਨਥਾਇਯੂਰਾਨ ਦੀ ਸਪਰੇ ਨੂੰ ਤਰਜੀਹ ਦੇਵੋ ।
4. ਚਿੱਟੀ ਮੱਖੀ ਦੀ ਗਿਣਤੀ ਸ਼ੁਰੂ ਤੋਂ ਹੀ ਚੈੱਕ ਕਰਦੇ ਰਹੋ । ਆਰਥਿਕ ਨੁਕਸਾਨ ਕਾਗਾਰ ਦਾ ਸਹੀ ਪਤਾ ਲਗਾਉਣ ਲਈ ਸਵੇਰੇ 10 ਵਜੇ ਤੋਂ ਪਹਿਲਾਂ 10-20 ਪੌਦਿਆਂ ਤੇ ਉਪਰਲੇ ਤਿੰਨ ਪੱਤਿਆਂ ਤੇ ਗਿਣਤੀ ਕਰੋ । ਚਿੱਟੀ ਮੱਖੀ ਲਈ ਸਪਰੇਅ ਦੇ ਸਮੇਂ ਲਈ ਆਰਥਿਕ ਨੁਕਸਾਨ 6 ਬਾਲਗ/ਪੱਤਾ ਨੂੰ ਧਿਆਨ ਵਿਚ ਰੱਖੋ ।
5. ਫਸਲ ਦੀ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ ਦੇ ਹਮਲਾ ਹੋਣ ਤੇ ਇਕ ਤੋਂ ਦੋ ਸਪਰੇਅ 1200 ਮਿਲੀਲੀਟਰ ਘਰ ਦੇ ਬਣਾਏ ਨਿੰਮ ਦੇ ਘੋਲ ਜਾਂ 1 ਲਿਟਰ ਨਿੰਬੀਸਿਡੀਨ ਜਾਂ ਅਚੂਕ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ ।



# ਝੋਨੇ ਦੀ ਘੱਟ ਸਮੇਂ ਦੀ ਕਿਸਮ ਪੀ ਆਰ 126 ਦੀ ਸਫਲ ਕਾਸ਼ਤ ਲਈ ਜ਼ਰੂਰੀ ਨੁਕਤੇ

ਰੁਪਿੰਦਰ ਪ੍ਰੀਤ ਸਿੰਘ ਧਾਲੀਵਾਲ
ਅਤੇ ਮਨਦੀਪ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ,
ਸੰਗਰੂਰ (ਖੇੜੀ)
ਮੋ. 94783-29700

ਪੀ ਆਰ 126 ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਤਿਆਰ ਕੀਤੀ ਗਈ ਝੋਨੇ ਦੀ ਘੱਟ ਸਮਾਂ ਲੈਣ ਵਾਲੀ ਕਿਸਮ ਹੈ । ਇਹ ਕਿਸਮ ਖੇਤ ਵਿਚ ਪਨੀਰੀ ਦੀ ਲੁਆਈ ਤੋਂ ਬਾਅਦ 93 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਦਾ ਔਸਤ ਝਾੜ 30 ਕੁਇੰਟਲ ਪ੍ਰਤੀ ਏਕੜ ਹੈ । ਵਧੀਆ ਝਾੜ ਦੇ ਨਾਲ-ਨਾਲ ਘੱਟ ਸਮਾਂ ਲੈਣ ਕਰਕੇ ਇਹ ਕਿਸਮ ਨਾ ਸਿਰਫ ਸਮੇਂ ਸਿਰ ਵਾਢੀ ਉਪਰੰਤ ਅਗਲੀ ਫਸਲ ਦੀ ਬਿਜਾਈ ਲਈ ਖੇਤ ਨੂੰ ਸਮੇਂ ਸਿਰ ਵਿਹਲਾ ਕਰਦੀ ਹੈ ਬਲਕਿ ਘੱਟ ਸਮੇਂ ਵਿਚ ਤਿਆਰ ਹੋਣ ਕਰਕੇ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ । ਇਸ ਸਾਲ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਲੰਬੇ ਸਮੇਂ ਵਿਚ ਪੱਕਣ ਵਾਲੀ ਕਿਸਮ ਪੂਸਾ 44 ਦੇ ਬੀਜ ਦੀ ਵਿਕਰੀ ਤੇ ਲਗਾਈ ਪਾਬੰਦੀ ਦੇ ਮੱਦੇ ਨਜ਼ਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਘੱਟ ਸਮੇਂ ਦੀਆਂ ਕਿਸਮਾਂ ਖਾਸ ਤੌਰ 'ਤੇ ਪੀ ਆਰ 126 ਹੇਠ ਰਕਬਾ ਵਧਣ ਦੀ ਸੰਭਾਵਨਾ ਹੈ । ਇਸ ਕਿਸਮ ਤੋਂ ਵਧੀਆ ਝਾੜ ਪ੍ਰਾਪਤ ਕਰਨ ਲਈ ਹੇਠ ਲਿਖੇ ਕੁੱਝ ਨੁਕਤਿਆਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ।

1) ਪੀ ਆਰ 126 ਕਿਸਮ ਦੇ ਅੱਠ ਕਿੱਲੋ ਬੀਜ ਨਾਲ ਬੀਜ ਪਨੀਰੀ ਇਕ ਏਕੜ ਦੀ ਲਵਾਈ ਲਈ ਕਾਫੀ ਹੁੰਦੀ ਹੈ। ਪਨੀਰੀ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 WS (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ ।

2) ਪੀ ਆਰ 126 ਕਿਸਮ ਦੀ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ 25 ਮਈ ਤੋਂ 20 ਜੂਨ ਤੱਕ ਹੈ ।

3) ਪੀ ਆਰ 126 ਦੀ ਪਨੀਰੀ ਬੀਜਣ ਸਮੇਂ ਧਿਆਨ ਰੱਖਿਆ ਜਾਵੇ ਕਿ ਲਵਾਈ ਵਾਲਾ ਖੇਤ ਪਨੀਰੀ ਤਿਆਰ ਹੋਣ ਵੇਲੇ ਤੱਕ ਵਿਹਲਾ ਹੋ ਜਾਵੇ । ਜੂਨ ਮਹੀਨੇ ਮਾਨਸੂਨ ਕਰਕੇ ਵਰਖਾ ਦਾ ਦੌਰ ਚੱਲਦਾ ਰਹਿੰਦਾ ਹੈ । ਜਿਸ ਕਾਰਨ ਆਚਾਰ / ਸਾਈਲੇਜ ਲਈ ਬੀਜੀ ਮੱਕੀ ਦੀ ਵਾਢੀ ਵਿਚ ਦੇਰੀ ਹੋ ਜਾਂਦੀ ਹੈ । ਇਸ ਲਈ ਪਨੀਰੀ ਦੀ ਲਵਾਈ ਕਿਸ਼ਤਾਂ ਵਿੱਚ 3 ਤੋਂ 5 ਦਿਨਾਂ ਦੇ ਵਕਫੇ 'ਤੇ ਕੀਤੀ ਜਾ ਸਕਦੀ ਹੈ ਤਾਂ ਜੋ ਲਵਾਈ ਸਮੇਂ ਤੱਕ ਪਨੀਰੀ ਪੱਕ ਨਾ ਜਾਵੇ । ਵੱਡੀ ਉਮਰ ਦੀ ਪਨੀਰੀ ਲਗਾਉਣ ਨਾਲ ਬੂਟਾ ਛੇਤੀ ਨਿਸਾਰੇ ਵੱਲ ਨੂੰ ਪੈ ਜਾਂਦਾ ਹੈ । ਜਿਸ ਕਰਕੇ ਫਸਲ ਦਾ ਝਾੜ ਅਤੇ ਕੁਆਲਿਟੀ 'ਤੇ ਮਾੜਾ ਅਸਰ ਪੈਂਦਾ ਹੈ। ਪੀ ਆਰ 126 ਕਿਸਮ 25-30 ਦਿਨਾਂ ਦੀ ਪਨੀਰੀ ਖੇਤ ਵਿਚ ਲਗਾਉਣ ਲਈ ਬਹੁਤ ਢੁੱਕਵੀ ਹੁੰਦੀ ਹੈ ।

4) ਤੰਦਰੁਸਤ ਪਨੀਰੀ ਤਿਆਰ ਕਰਨ ਲਈ ਪ੍ਰਤੀ ਏਕੜ 26 ਕਿਲੋ ਯੂਰੀਆ, 60 ਕਿੱਲੋ ਸਿੰਗਲ ਸੁਪਰ ਫਾਸਫੇਟ

ਬਾਕੀ ਸਫਾ 6 'ਤੇ

GOVT. OF PUNJAB

ਪੰਜਾਬ ਸਰਕਾਰ

ਮਹਾਨ ਸਿੱਖ ਜਰਨੈਲ

ਬਾਬਾ ਬੰਦਾ ਸਿੰਘ ਬਹਾਦਰ

ਨੂੰ

ਸਰਹਿੰਦ ਫ਼ਤਹਿ ਦਿਵਸ

ਦੀ

314ਵੀਂ ਵਰ੍ਹੇਗੰਢ

ਮੌਕੇ ਸ਼ਰਧਾਪੂਰਵਕ ਸਤਿਕਾਰ ਭੇਟ ਕਰਦੀ ਹੈ

ਸਰਹਿੰਦ ਫ਼ਤਹਿ ਦਿਵਸ, ਸਰਹਿੰਦ 'ਤੇ ਇਤਿਹਾਸਕ ਜਿੱਤ ਦਾ ਪ੍ਰਤੀਕ ਹੈ ਜਿਸ ਸਦਕਾ
ਦਸਮੇਸ਼ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹਾਦਤ ਦਾ ਬਦਲਾ ਲੈਂਦਿਆਂ
ਪੰਜਾਬ ਵਿੱਚ ਮੁਗ਼ਲਾਂ ਦੇ ਜ਼ੁਲਮ ਦਾ ਖ਼ਾਤਮਾ ਕੀਤਾ ਗਿਆ।



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 20**
**ਮਿਤੀ 18-05-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਕਿਉਂ ਦੁਖੀ ਹੈ ਦੇਸ਼ ਦੇ ਅੰਨਦਾਤਾ?


ਮਹਿੰਦਰ ਸਿੰਘ ਬਾਜਵਾ, ਪਿੰਡ ਮਸੀਤਾਂ,
ਜ਼ਿਲ੍ਹਾ ਕਪੂਰਥਲਾ, ਮੋਬਾਈਲ-99157-31347


ਨਫਰਤ ਅਤੇ ਸਿਆਸਤ ਨੂੰ ਇਕ ਪਾਸੇ ਕਰ ਕੇ ਕਿਸਾਨੀ ਮਸਲੇ ਹੱਲ ਕਰਨ ਲਈ ਗੰਭੀਰਤਾ ਅਤੇ ਹਮਦਰਦੀ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਤਾਂ ਇਹ ਸੋਚਣ ਵਾਲੀ ਗੱਲ ਹੈ ਕਿ ਕਿਸਾਨ ਕਰਜ਼ਾ ਚੁੱਕਣ ਲਈ ਮਜਬੂਰ ਕਿਉਂ ਹੁੰਦਾ ਹੈ ? ਕਿਸਾਨ ਫਸਲ ਬੀਜਦਾ ਹੈ, ਫਸਲ ਉੱਗਦੀ ਹੈ ਅਤੇ ਉੱਗੀ ਹੋਈ ਫਸਲ 'ਤੇ ਮੌਸਮ ਦੀ ਭਿਆਨਕ ਮਾਰ ਪੈਂਦੀ ਹੈ। ਲਗਾਤਾਰ ਬਾਰਿਸ਼, ਗੜ੍ਹੇਮਾਰੀ ਅਤੇ ਤੇਜ਼ ਹਨੇਰੀਆਂ ਫਸਲ ਨੂੰ ਤਬਾਹ ਕਰ ਦਿੰਦੀਆਂ ਹਨ। ਇਸ ਤੋਂ ਬਾਅਦ ਉਸੇ ਹੀ ਫਸਲ ਨੂੰ ਦੋ-ਤਿੰਨ ਵਾਰ ਬੀਜਦਾ ਹੈ। ਪਰ ਕੁਦਰਤ ਦਾ ਕਹਿਰ ਫਿਰ ਉਸੇ ਤਰ੍ਹਾਂ ਹੀ ਵਰਤਦਾ ਹੈ। ਖੇਤ ਵਿਚ ਖੜ੍ਹੇ ਪਾਣੀ ਕਾਰਨ ਕਈ ਵਾਰ ਅਗਲੀ ਫਸਲ ਦੀ ਬਿਜਾਈ ਵੀ ਨਹੀਂ ਹੁੰਦੀ, ਜਿਸ ਤਰ੍ਹਾਂ ਪਿਛਲੇ ਸਾਲ ਹੋਇਆ ਹੈ। ਪੰਜਾਬ ਦੇ ਕੁਝ ਇਲਾਕਿਆਂ ਵਿਚ ਜਿਥੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ, ਉੱਥੇ ਇਸੇ ਤਰ੍ਹਾਂ ਹੀ ਹੋਇਆ ਹੈ। ਸੋਚਣ ਵਾਲੀ ਗੱਲ ਹੈ ਕਿ ਮਹਿੰਗੇ ਬੀਜ, ਮਹਿੰਗਾ ਡੀਜ਼ਲ ਅਤੇ ਮਹਿੰਗੀਆਂ ਖਾਦਾਂ ਪਾ ਕੇ ਕਿਸਾਨ ਨੂੰ ਖੇਤ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਅਗਲੀ ਫਸਲ ਦੀ ਬਿਜਾਈ ਲਈ ਜੋ ਜ਼ਰੂਰੀ ਵਸਤਾਂ ਚਾਹੀਦੀਆਂ ਹੁੰਦੀਆਂ ਹਨ, ਲਗਾਤਾਰ ਮਹਿੰਗੀਆਂ ਹੁੰਦੀਆਂ ਜਾਂਦੀਆਂ ਹਨ, ਕਰਜ਼ੇ ਤੋਂ ਬਿਨਾਂ ਨੂੰ ਕਿਵੇਂ ਖਰੀਦ ਸਕਦਾ ਹੈ ?



ਬੀਜੀ ਹੋਈ ਫਸਲ 'ਤੇ ਕੀੜੇ-ਮਾਰ ਸਪਰੇਅ, ਨਦੀਨ ਨਾਸ਼ਕ ਅਤੇ ਖਾਦਾਂ ਆਦਿ ਪਾਉਣੀਆਂ ਵੀ ਬਹੁਤ ਜ਼ਰੂਰੀ ਹੁੰਦੀਆਂ ਹਨ। ਯਾਦ ਹੋਵੇਗਾ ਕਿ ਪਿਛਲੇ ਕੁਝ ਸਾਲ ਪਹਿਲਾਂ ਮਾਲਵੇ ਦੀ ਨਰਮਾ ਪੱਟੀ 'ਤੇ ਗੁਲਾਬੀ ਸੁੰਡੀ ਦਾ ਹਮਲਾ ਹੋ ਗਿਆ ਸੀ। ਕਿਸਾਨਾਂ ਨੇ ਮਹਿਕਮੇ ਵਲੋਂ ਮਨਜ਼ੂਰ ਸ਼ੁਦਾ ਦਵਾਈ ਦੀ ਸਪਰੇਅ ਕੀਤੀ। ਦਵਾਈ ਨਕਲੀ ਹੋਣ ਕਾਰਨ ਸੁੰਡੀ ਤਾਂ ਮਰੀ ਨਹੀਂ ਪਰ ਕਿਸਾਨ ਖੁਦਕਸ਼ੀਆਂ 'ਚ ਹੈਰਾਨੀਜਨਕ ਵਾਧਾ ਹੋ ਗਿਆ। ਫੜੋ-ਫੜੀ ਵੀ ਹੋਈ ਪਰ ਕਿਸੇ ਨੂੰ ਕੁਝ ਨਹੀਂ ਹੋਇਆ। ਕਿਸਾਨਾਂ ਦੀਆਂ ਖੁਦਕੁਸ਼ੀਆਂ ਅੱਜ ਦੀ ਤਰੀਕ ਵਿਚ ਵੀ ਜਾਰੀ ਹਨ। ਜੋ ਸੱਜਣ ਅਖਬਾਰਾਂ ਪੜ੍ਹਦੇ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ। ਉਸ ਤੋਂ ਪਿੱਛੋਂ ਵੀ ਨਕਲੀ ਦਵਾਈਆਂ ਆਦਿ ਕਾਰਨ ਕਿਸਾਨਾਂ ਨਾਲ ਠੱਗੀ ਹੁੰਦੀ ਚਲੀ ਆ ਰਹੀ ਹੈ। ਹਰ ਸਾਲ ਫਸਲਾਂ ਦੇ ਵਿਕਰੀ ਰੇਟ ਵਿਚ ਨਿਗੂਣਾ ਜਿਹਾ ਵਾਧਾ ਕੀਤਾ ਜਾਂਦਾ ਹੈ ਪਰ ਦਿਖਾਵਾ ਇਹ ਕੀਤਾ ਜਾਂਦਾ ਹੈ ਕਿ ਸਰਕਾਰ ਕਿਸਾਨਾਂ ਦੀ ਬਹੁਤ ਹਿਤੈਸ਼ੀ ਹੈ। ਇਹ ਇਕ ਸਰਕਾਰ ਦੀ ਗੱਲ ਨਹੀਂ, ਸਾਰੀਆਂ ਸਰਕਾਰਾਂ 'ਤੇ ਹੀ ਇਹ ਗੱਲ ਲਾਗੂ ਹੁੰਦੀ ਹੈ।

ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਆਦਿ ਕਾਲ ਤੋਂ ਹੀ ਕਿਰਸਾਨੀ ਨਾਲ ਸ਼ੋਸ਼ਣ ਹੁੰਦਾ ਆ ਰਿਹਾ ਹੈ ? ਖੇਤੀ ਕਿਸਾਨ ਕਰਦੇ ਹਨ ਅਤੇ ਫਸਲ ਪੱਕਣ 'ਤੇ ਦਾਣੇ ਵੱਡੇ-ਵੱਡੇ ਜ਼ਿੰਮੀਦਾਰਾਂ ਦੇ ਮੁਨਸ਼ੀ ਮੁਸੱਦੀ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ ਸਨ, ਨਾਂਹ-ਨੁੱਕਰ ਕਰਨ ਵਾਲੇ ਕਿਸਾਨਾਂ ਦੀ ਮਾਰ ਕੁਟਾਈ ਵੀ ਕੀਤੀ ਜਾਂਦੀ ਸੀ ਅਤੇ ਕਿਸੇ ਵੀ ਕੋਰਟ-ਕਚਹਿਰੀ ਵਿਚ ਕਿਸਾਨਾਂ ਦੀ ਸੁਣਵਾਈ ਨਹੀਂ ਸੀ ਹੁੰਦੀ। ਇਸ ਤਰ੍ਹਾਂ ਕਿਸਾਨ ਨੂੰ ਫਿਰ ਤੋਂ ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕਣ ਲਈ ਮਜਬੂਰ ਹੋਣਾ ਪੈਂਦਾ ਸੀ। ਉਨ੍ਹਾਂ ਸਮਿਆਂ ਵਿਚ ਹੀ ਕਿਸਾਨ ਨੂੰ ਧੇਲੀ (ਅੱਧਾ ਰੁਪਇਆ) ਦੇ ਕੇ ਉਸ ਦੀ ਹਵੇਲੀ ਲਿਖਵਾਉਣ ਦਾ ਰਿਵਾਜ਼ ਤੁਰਿਆ ਸੀ। ਜੋ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਜਾਰੀ ਹੈ। ਖਬਰਾਂ ਇਹ ਅੱਜ ਵੀ ਛਪਦੀਆਂ ਹਨ ਕਿ ਕੁਝ ਆੜ੍ਹਤੀ ਕਿਸਾਨ ਕੋਲੋਂ ਪੈਸੇ ਲੈ ਕੇ ਵੀ ਉਸ ਦੀ ਗਹਿਣੇ ਪਈ ਜ਼ਮੀਨ ਨਹੀਂ ਛੱਡਦੇ ਅਤੇ ਕਿਸਾਨ ਨੂੰ ਖੁਦਕਸ਼ੀ ਲਈ ਮਜਬੂਰ ਹੋਣਾ ਪੈਂਦਾ ਹੈ। ਖੁਦਕਸ਼ੀ ਕਿਸੇ ਮਸਲੇ ਦਾ ਹੱਲ ਨਹੀਂ। ਮਰਨ ਵਾਲਾ ਇਹ ਨਹੀਂ ਜਾਣਦਾ ਹੈ ਕਿ ਉਸ ਦੀ ਮੌਤ ਪਿੱਛੋਂ ਉਸ ਦੇ ਪਰਿਵਾਰ ਦਾ ਕੀ ਹਾਲ ਹੋਵੇਗਾ ?



ਅੱਜ ਤੱਕ ਕਿਸੇ ਵੀ ਸਰਕਾਰ ਨੇ ਉੱਜੜ ਰਹੀ ਕਿਸਾਨੀ ਦੀ ਬਾਂਹ ਨਹੀਂ ਫੜੀ ਅਤੇ ਨਾ ਹੀ ਕਿਸੇ ਨੇ ਕਿਸਾਨਾਂ ਦੀਆਂ ਮੁਸ਼ਕਿਲਾਂ ਵੱਲ ਸੰਜੀਦਗੀ ਨਾਲ ਧਿਆਨ ਦਿੱਤਾ ਹੈ। ਅੰਗਰੇਜ਼ੀ ਹਕੂਮਤ ਦੌਰਾਨ ਜਿਣਸਾਂ ਦੇ ਭਾਅ ਬਹੁਤ ਸਸਤੇ ਸਨ। ਮੰਡੀ ਵਿਚ ਵੇਚਣ ਲਈ ਲਿਆਂਦੀ ਜਿਣਸ ਦੀ ਢੇਰੀ ਦਾ ਭਾਅ ਵਪਾਰੀ ਅਤੇ ਆੜ੍ਹਤੀ ਹੱਥਾਂ 'ਤੇ ਕੱਪੜਾ ਪਾ ਕੇ ਮਿੱਥਦੇ ਸਨ। ਕੋਲ ਖੜ੍ਹੇ ਕਿਸਾਨ ਨੂੰ ਇਹ ਵੀ ਪਤਾ ਨਹੀਂ ਲੱਗਦਾ ਸੀ ਕਿ ਉਸ ਦੀ ਜਿਣਸ ਕਿਸ ਭਾਅ ਵਿਕੀ ਹੈ ? ਬਸ ਮੁਨੀਮ ਪਿੱਛੇ ਲਿਆ ਕਰਜ਼ਾ ਵਿਆਜ ਸਮੇਤ ਕੱਟ ਕੇ ਬਾਕੀ ਬਚਦੇ ਪੈਸੇ ਕਿਸਾਨ ਨੂੰ ਹੱਥ ਫੜਾ ਦਿੰਦਾ ਸੀ। ਕਈ ਵਾਰ ਤਾਂ ਹਿਸਾਬ ਕਰ ਕੇ ਕਿਸਾਨ ਵੱਲ ਕੁਝ ਪੈਸੇ ਆੜ੍ਹਤੀ ਦੇ ਬਾਕੀ ਰਹਿ ਜਾਂਦੇ ਸਨ।

ਜਿਣਸਾਂ ਦੇ ਭਾਅ ਇੰਨੇ ਸਸਤੇ ਸਨ ਕਿ ਕਿਸਾਨ ਕੋਲ ਮਾਮਲਾ ਤਾਰਨ ਲਈ ਥੋੜ੍ਹੇ ਜਿਹੇ ਪੈਸੇ ਵੀ ਨਹੀਂ ਬਚਦੇ ਸਨ, ਪਰ ਫਿਰ ਵੀ ਖੁਦਕੁਸ਼ੀਆਂ ਨਹੀਂ ਹੁੰਦੀਆਂ ਸਨ। ਜ਼ਮੀਨਾਂ ਦੀ ਮਾਲਕੀ ਪੀੜ੍ਹੀ ਦਰ ਪੀੜ੍ਹੀ ਘਟ ਰਹੀ ਹੈ। ਮਹਿੰਗਾਈ ਨੇ ਵੀ ਲੋਕਾਂ ਦੀ ਜ਼ਿੰਦਗੀ ਮੁਹਾਲ ਕਰ ਦਿੱਤੀ ਹੈ।

ਵਿਕਸਿਤ ਦੇਸ਼ਾਂ ਵਿਚ ਕਿਸਾਨਾਂ ਨੂੰ ਫਸਲ ਦੇ ਲਾਹੇਵੰਦ ਭਾਅ ਮਿਲਦੇ ਹਨ। ਕਿਸਾਨ ਟਰਾਲੀ 'ਤੇ ਫਸਲ ਲੈ ਕੇ ਜਾਂਦਾ ਹੈ। ਮੰਡੀ ਦੇ ਗੇਟ 'ਤੇ ਫਸਲ ਦੀ ਤੁਲਾਈ ਹੋ ਜਾਂਦੀ ਹੈ। ਮੰਡੀ ਵਿਚ ਜਦੋਂ ਕਿਸਾਨ ਫਸਲ ਉਤਾਰ ਕੇ ਮੁੜਦਾ ਹੈ ਤਾਂ ਉਸੇ ਗੇਟ 'ਤੇ ਉਸ ਦਾ ਚੈੱਕ ਤਿਆਰ ਹੁੰਦਾ ਹੈ, ਉਹ ਚੈੱਕ ਲੈ ਕੇ ਘਰ ਮੁੜਦਾ ਹੈ। ਫਸਲ ਵਧੀਕ ਹੋਣ ਕਾਰਨ ਲੋੜਵੰਦ ਮੁਲਕਾਂ ਨੂੰ ਵੇਚ ਦਿੱਤੀ ਜਾਂਦੀ ਹੈ। ਕੁਝ ਕਾਰਨਾਂ ਕਰਕੇ ਪੀੜਤ ਦੇਸ਼ਾਂ ਨੂੰ ਦਾਨ ਵੀ ਕਰ ਦਿੱਤੀ ਜਾਂਦੀ ਹੈ। ਜੇਕਰ ਫਿਰ ਵੀ ਬਚ ਜਾਏ ਤਾਂ ਸਮੁੰਦਰਾਂ ਵਿਚ ਸੁੱਟ ਦਿੱਤੀ ਜਾਂਦੀ ਹੈ, ਪਰ ਕਿਸਾਨ ਨੂੰ ਪੂਰਾ-ਪੂਰਾ ਰੇਟ ਮਿਲਦਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਦੇ ਇਕ ਮੰਤਰੀ ਨੇ ਸਾਰੇ ਕਿਸਾਨਾਂ ਦੇ ਕਰਜ਼ਿਆ 'ਤੇ ਲਕੀਰ ਮਾਰ ਦਿੱਤੀ ਸੀ। ਭਾਅ ਮੁਆਫ ਕਰ ਦਿੱਤੇ ਸਨ। ਉਸ ਮੰਤਰੀ ਦਾ ਨਾਂਅ ਤਾਂ ਸਰ ਛੋਟੂ ਰਾਮ ਸੀ, ਪਰ ਕੰਮ ਉਸ ਨੇ ਬਹੁਤ ਵੱਡਾ ਕਰ ਦਿੱਤਾ ਸੀ, ਜੋ ਅੱਜ ਤੱਕ ਕਿਸੇ ਸਰਕਾਰ ਜਾਂ ਮੰਤਰੀ ਤੋਂ ਨਹੀਂ ਹੋਇਆ। ਕਿਸਾਨਾਂ ਦੀ ਤਕਲੀਫ ਨੂੰ ਦੇਖ ਕੇ ਇਹ ਮਸਲੇ ਹੱਲ ਕਰਨ ਲਈ ਸਵਾਮੀਨਾਥਨ ਕਮਿਸ਼ਨ ਬਣਾਇਆ ਸੀ, ਉਸ ਨੂੰ ਸਨਮਾਨਿਤ ਵੀ ਕਰ ਦਿੱਤਾ ਗਿਆ, ਪਰ ਉਸ ਦੇ ਕਿਸੇ ਸੁਝਾਅ 'ਤੇ ਅਮਲ ਨਹੀਂ ਕੀਤਾ ਗਿਆ। ਇਸ ਨਾਲ ਕਿਸਾਨਾਂ ਦੀਆਂ ਮੁਸ਼ਕਿਲਾਂ ਬਰਕਰਾਰ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਅੰਨਦਾਤਾ ਕਹੇ ਜਾਂਦੇ ਕਿਸਾਨ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰਨ।


# ਸਬਜ਼ੀਆਂ ਦੇ ਖੋਜੀ ਡਾ. ਨੰਦਪੁਰੀ ਨਹੀਂ ਰਹੇ

**ਡਾ. ਰਣਜੀਤ ਸਿੰਘ**

ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਨੰਦਪੁਰ ਦੇ ਸਧਾਰਨ ਕਿਰਸਾਣੀ ਪਰਿਵਾਰ ਵਿਚ 15 ਜੁਲਾਈ 1931 ਨੂੰ ਜਨਮ ਲੈਣ ਵਾਲੇ ਪੁੱਤਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਉਹ ਪੰਜਾਬ ਵਿਚ ਸਬਜ਼ੀਆਂ ਦੀ ਖੋਜ ਦਾ ਨਵਾਂ ਇਤਿਹਾਸ ਸਿਰਜੇਗਾ । ਘਰਦਿਆਂ ਨੇ ਉਸ ਦਾ ਨਾਮ ਕਰਮ ਸਿੰਘ ਰੱਖਿਆ ਜਿਸ ਨੇ ਆਪਣੀ ਮਿਹਨਤ ਨਾਲ ਅਜਿਹੇ ਕਰਮ ਕੀਤੇ ਜਿਨ੍ਹਾਂ ਦਾ ਸਦਕਾ ਉਹ ਪੰਜਾਬ ਦੇ ਕਿਸਾਨਾਂ ਦੀ ਸੇਵਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਵਿਚ ਸਫਲ ਹੋਇਆ । ਕਰਮ ਸਿੰਘ ਹੋਰਾਂ ਸਾਰੀ ਉਮਰ ਤਿੰਨ ਸ਼ਬਦੀ ਮੰਤਰ, ਇਮਾਨਦਾਰੀ, ਸਖਤ ਮਿਹਨਤ ਅਤੇ ਵਚਨਬੱਧਤਾ ਅਨੁਸਾਰ ਮਿਹਨਤ ਕੀਤੀ ਤੇ ਆਪਣੀ ਮਿਸ਼ਨ ਦੀ ਸਫਲਤਾ ਪ੍ਰਾਪਤ ਕੀਤੀ । ਆਪਣੀ ਸੇਵਾ ਮੁਕਤੀ ਪਿਛੋਂ ਵੀ ਉਹ ਹੁਣ ਤੱਕ ਪੂਰੀ ਲਗਨ ਨਾਲ ਕੰਮ ਕਰਦੇ ਰਹੇ । ਉਨ੍ਹਾਂ ਨੇ ਆਪ ਪੱਥਰ ਨਾਥ ਤੇ ਅਮਰੂਦ ਦੇ ਬਗੀਚੇ ਵਿਕਸਤ ਕੀਤੇ ਅਤੇ ਫਲਾਂ ਤੇ ਸਬਜ਼ੀਆਂ ਦੇ ਪਦਾਰਥੀਕਰਨ ਲਈ ਇਕ ਕੰਪਨੀ ਐਨ ਪੀ ਫਰੈਸ਼ ਫੂਡਜ਼ ਪ੍ਰਾਈਵੇਟ ਲਿਮਟਿਡ ਬਣਾਈ । ਘਰ ਦੇ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਪੜ੍ਹਾਈ ਕਰੇ ਪਰ ਉਦੋਂ ਸਕੂਲ ਬਹੁਤ ਘੱਟ ਹੁੰਦੇ ਸਨ । ਪ੍ਰਾਇਮਰੀ ਸਕੂਲ ਵੀ ਲਾਗਲੇ ਪਿੰਡ ਸਰਹਾਲੀ ਮੰਡਾ ਵਿਚ ਸੀ । ਰੋਜ਼ ਸਵੇਰੇ ਉੱਠ ਕੇ ਪੈਦਲ ਸਕੂਲ ਜਾਣਾ ਪੈਂਦਾ ਸੀ । ਬਹੁਤੀ ਵਾਰ ਤਾਂ ਪੈਰੀਂ ਜੁੱਤੀ ਵੀ ਨਹੀਂ ਸੀ ਹੁੰਦੀ । ਉਦੋਂ ਪਿੰਡਾਂ ਵਿਚ ਬਿਜਲੀ ਨਹੀਂ ਸੀ ਤੇ ਨਾ ਹੀ ਪਾਣੀ ਲਈ ਨਲਕੇ ਹੁੰਦੇ ਸਨ । ਗਰੀਬੀ ਬਹੁਤ ਸੀ । ਅਗਲੀ ਪੜ੍ਹਾਈ ਲਈ ਮਿਡਲ ਸਕੂਲ ਨੌਸ਼ਹਿਰੇ ਸੀ ਜਿਹੜਾ ਪਿੰਡੋਂ ਕੋਈ ਪੰਜ ਕਿਲੋਮੀਟਰ ਦੂਰ ਸੀ । ਇਥੇ ਵੀ ਪੈਦਲ ਹੀ ਜਾਣਾ ਪੈਂਦਾ ਸੀ । ਸਕੂਲੋਂ ਵਾਪਸੀ ਸਮੇਂ ਕੜਕਦੀ ਧੁੱਪ ਬਹੁਤ ਪਰੇਸ਼ਾਨ ਕਰਦੀ ਸੀ । ਅੱਠਵੀਂ ਪਾਸ ਕਰਨ ਪਿੱਛੋਂ ਅਗਲੀ ਪੜ੍ਹਾਈ ਦੀ ਸਮੱਸਿਆ ਸੀ । ਹਾਈ ਸਕੂਲ ਤਰਨਤਾਰਨ ਵਿਖੇ ਸੀ । ਉਸ ਨੇ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਵਿਚ ਦਾਖਲਾ ਲੈ ਲਿਆ । ਪਿੰਡੋਂ ਰੋਜ਼ ਆਉਣਾ ਔਖਾ ਸੀ । ਇਸ ਸਕੂਲ ਵਿਚ ਹੋਸਟਲ ਸੀ । ਹੋਸਟਲ ਕਾਹਦਾ ਇਕ ਸ਼ੈੱਡ ਸੀ ਜਿਸ ਵਿਚ ਮੰਜੀਆਂ ਡਾਹੀਆਂ ਹੋਈਆਂ ਸਨ । ਦਸਵੀਂ ਦਾ ਇਮਤਿਹਾਨ ਦਿੰਦਿਆਂ ਹੀ ਪੰਜਾਬ ਦੀ ਵੰਡ ਦਾ ਰੌਲਾ ਪੈ ਗਿਆ । ਅਜ਼ਾਦੀ ਸਮੇਂ ਹੋਈ ਮਾਰਕੱਟ ਨੂੰ ਉਨ੍ਹਾਂ ਨੇ ਆਪਣੀ ਅੱਖੀਂ ਵੇਖਿਆ ਸੀ ।

ਹੁਣ ਪੜ੍ਹਾਈ ਦੀ ਲਗਨ ਲੱਗ ਚੁੱਕੀ ਸੀ । ਕਿਰਸਾਣੀ ਪਰਿਵਾਰ ਵਿਚੋਂ ਹੋਣ ਕਰਕੇ ਉਨ੍ਹਾਂ ਨੇ ਕਿਸਾਨਾਂ ਦੇ ਔਖੇ ਜੀਵਨ ਨੂੰ ਨੇੜਿਉਂ ਵੇਖਿਆ ਹੀ ਨਹੀਂ ਸਗੋਂ ਆਪਣੇ ਪਿੰਡੇ ਉੱਤੇ ਹੰਢਾਇਆ ਵੀ ਸੀ । ਉਹ ਉਚੇਰੀ ਪੜ੍ਹਾਈ ਖੇਤੀਬਾੜੀ ਦੀ ਹੀ ਕਰਨੀ ਚਾਹੁੰਦੇ ਸਨ ਤਾਂ ਜੋ ਉਹ ਕਿਸਾਨ ਦੀ ਜੂਨ ਸੌਖੀ ਕਰਨ ਵਿਚ ਕੁਝ ਯੋਗਦਾਨ ਪਾ ਸਕਣ । ਪੰਜਾਬ ਦਾ ਖੇਤੀਬਾੜੀ ਕਾਲਜ ਤਾਂ ਲਾਇਲਪੁਰ ਸੀ ਜਿਹੜਾ ਪਾਕਿਸਤਾਨ ਵਿਚ ਰਹਿ ਗਿਆ ਸੀ ।

ਕਿਰਸਾਣੀ ਪਰਿਵਾਰ ਵਿਚੋਂ ਹੋਣ ਕਰਕੇ ਉਨ੍ਹਾਂ ਨੇ ਕਿਸਾਨਾਂ ਦੇ ਔਖੇ ਜੀਵਨ ਨੂੰ ਨੇੜਿਉਂ ਵੇਖਿਆ ਹੀ ਨਹੀਂ ਸਗੋਂ ਆਪਣੇ ਪਿੰਡੇ ਉੱਤੇ ਹੰਢਾਇਆ ਵੀ ਸੀ । ਉਹ ਉਚੇਰੀ ਪੜ੍ਹਾਈ ਖੇਤੀਬਾੜੀ ਦੀ ਹੀ ਕਰਨੀ ਚਾਹੁੰਦੇ ਸਨ ਤਾਂ ਜੋ ਉਹ ਕਿਸਾਨ ਦੀ ਜੂਨ ਸੌਖੀ ਕਰਨ ਵਿਚ ਕੁਝ ਯੋਗਦਾਨ ਪਾ ਸਕਣ । ਪੰਜਾਬ ਦਾ ਖੇਤੀਬਾੜੀ ਕਾਲਜ ਤਾਂ ਲਾਇਲਪੁਰ ਸੀ ਜਿਹੜਾ ਪਾਕਿਸਤਾਨ ਵਿਚ ਰਹਿ ਗਿਆ ਸੀ ।



ਖਬਰ ਮਿਲੀ ਕਿ ਇਸੇ ਕਾਲਜ ਨੂੰ ਮੁੜ ਅੰਮ੍ਰਿਤਸਰ ਸ਼ੁਰੂ ਕੀਤਾ ਗਿਆ ਹੈ । ਕਰਮ ਸਿੰਘ ਹੋਰਾਂ ਉੱਥੇ ਦਾਖਲਾ ਲੈ ਲਿਆ । ਅਗਲੇ ਸਾਲ ਇਹ ਕਾਲਜ ਲੁਧਿਆਣੇ ਆ ਗਿਆ । ਪੜ੍ਹਾਈ ਦੇ ਪਹਿਲੇ ਦੋ ਸਾਲ ਉਹ ਵਧੀਆ ਅੰਕ ਪ੍ਰਾਪਤ ਨਾ ਕਰ ਸਕੇ । ਉਨ੍ਹਾਂ ਦੀ ਜ਼ਮੀਰ ਨੇ ਫਿਟਕਾਰਿਆ ਤੇ ਫੈਸਲਾ ਕੀਤਾ ਕਿ ਉਹ ਅਗਲੇ ਦੋ ਸਾਲ ਸਖਤ ਮਿਹਨਤ ਕਰੇਗਾ। ਇਸੇ ਦ੍ਰਿੜ ਇਰਾਦੇ ਨਾਲ ਉਨ੍ਹਾਂ ਦੋ ਸਾਲ ਸਖਤ ਮਿਹਨਤ ਕੀਤੀ ਤੇ ਯੂਨੀਵਰਸਿਟੀ ਵਿਖੇ ਤੀਜਾ ਸਥਾਨ ਪ੍ਰਾਪਤ ਕੀਤਾ । ਬੀ. ਐਸ. ਸੀ. (ਖੇਤੀ) ਕਰਨ ਪਿੱਛੋਂ ਉਹ ਉਚੇਰੀ ਪੜ੍ਹਾਈ ਕਰਨਾ ਚਾਹੁੰਦੇ ਸਨ । ਉਨ੍ਹਾਂ ਅਮਰੀਕਾ ਵਿਚ ਪੜ੍ਹਾਈ ਦੇ ਸੁਪਨੇ ਵੇਖੇ ਸਨ । ਅਮਰੀਕਾ ਜਾਣ ਵਿਚ ਦੋ ਮੁੱਖ ਅੜਿੱਕੇ ਸਨ, ਉਸ ਦੇ ਮਾਪਿਆਂ ਦਾ ਵਿਰੋਧ ਅਤੇ ਮਾਇਕ ਘਾਟ । ਮਾਪਿਆਂ ਨੂੰ ਡਰ ਸੀ ਕਿ ਅਮਰੀਕਾ ਜਾ ਕੇ ਇਸ ਵਾਪਸ ਨਹੀਂ ਮੁੜਨਾ । ਕਰਮ ਸਿੰਘ ਹੋਰਾਂ ਮਾਪਿਆਂ ਨੂੰ ਯਕੀਨ ਦੁਆਇਆ ਕਿ ਅਮਰੀਕਾ ਵਿਚ ਪੰਜ ਸਾਲ ਤੋਂ ਵਧ ਨਹੀਂ ਰੁਕੇਗਾ ਤੇ ਹਰ ਹਾਲਤ ਵਿਚ ਵਾਪਸ ਆਵੇਗਾ । ਜਿੱਥੋਂ ਤੱਕ ਪੈਸਿਆਂ ਦਾ ਸਬੰਧ ਹੈ ਉਸ ਘਰ ਦਿਆਂ ਨੂੰ ਆਖਿਆ ਕਿ ਇਕ ਸਾਲ ਮੈਨੂੰ ਆਪਣੇ ਢੰਗ ਨਾਲ ਖੇਤੀ ਕਰਨ ਦੇਵੋ । ਪਹਿਲਾਂ ਨਾਲੋਂ ਜਿਹੜੀ ਆਮਦਨ ਵੱਧ ਹੋਵੇਗੀ ਉਹ ਮੈਨੂੰ ਦੇ ਦੇਣੀ । ਇਸ ਦੇ ਨਾਲ ਹੀ ਅਮਰੀਕਾ ਵਿਚ ਦਾਖਲੇ ਦੇ ਯਤਨ ਵੀ ਸ਼ੁਰੂ ਕੀਤੇ ਗਏ । ਉਨ੍ਹਾਂ ਨੂੰ ਅਮਰੀਕਾ ਦੀ ਔਰੀਗੋਨ ਯੂਨੀਵਰਸਿਟੀ ਵਿਚ ਐਮ. ਐਸ. ਸੀ. ਕਰਨ ਲਈ ਦਾਖਲਾ ਮਿਲ ਗਿਆ । ਖੇਤੀਬਾੜੀ ਦੀ ਪੜ੍ਹਾਈ ਅਤੇ ਮਿਹਨਤ ਸਦਕਾ ਫਸਲ ਪਹਿਲਾਂ ਨਾਲ ਵੱਧ ਹੋਈ । ਘਰ ਦਿਆਂ ਨੇ ਸਾਰੀ ਰਕਮ ਜਿਹੜੀ ਪੰਜ ਹਜ਼ਾਰ ਸੀ ਆਪਣੇ ਪੁੱਤਰ ਨੂੰ ਸੌਂਪ ਦਿੱਤੀ । ਉਹ ਆਮਦਨ ਬੈਂਕ ਵਿਚ ਜਮ੍ਹਾ ਕਰਵਾ ਦਿੱਤੀ ਤਾਂ ਜੋ ਬੈਂਕ ਇਸ ਸੰਬੰਧੀ ਸਰਟੀਫਿਕੇਟ ਦੇ ਸਕੇ । ਇਸੇ ਨਾਲ ਉਨ੍ਹਾਂ ਨੂੰ ਅਮਰੀਕਾ ਦਾ ਵੀਜ਼ਾ ਮਿਲ ਗਿਆ ਤੇ ਇਸ ਵਿੱਚੋਂ ਆਪਣੇ ਸਫਰ ਤੇ ਹੋਰ ਖਰਚਿਆਂ ਲਈ ਕੇਵਲ 3500 ਰੁਪਏ ਲਏ । ਪੈਸੇ ਦੀ ਬੱਚਤ ਲਈ ਉਨ੍ਹਾਂ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਜਾਣ ਦਾ ਫੈਸਲਾ ਕੀਤਾ । ਇੰਝ ਕਰਮ ਸਿੰਘ ਜੀ 30 ਜਨਵਰੀ 1954 ਨੂੰ ਅਮਰੀਕਾ ਪੁੱਜ ਗਏ । ਹੁਣ ਸਮੱਸਿਆ ਪੜ੍ਹਾਈ ਦੇ ਖਰਚੇ ਦਾ ਪ੍ਰਬੰਧ ਕਰਨ ਦੀ ਸੀ । ਇਨ੍ਹਾਂ ਫੈਸਲਾ ਕੀਤਾ ਕਿ ਕੁਝ ਸਮਾਂ ਕੰਮ ਕਰਕੇ ਦਾਖਲੇ ਜੋਗੇ ਪੈਸੇ ਕਮਾਏ ਜਾਣ । ਆਪ ਨੇ ਯੂਨੀਵਰਸਿਟੀ ਨੂੰ ਸੂਚਿਤ ਕੀਤਾ ਹੈ ਕਿ ਮੈਂ ਅਮਰੀਕਾ ਪਹੁੰਚ ਗਿਆ ਹਾਂ ਪਰ ਆਪਣੀ ਪੜ੍ਹਾਈ ਅਗਲੀ ਤਿਮਾਹੀ ਤੋਂ ਸ਼ੁਰੂ ਕਰਾਂਗਾ । ਇਨ੍ਹਾਂ ਦੇ ਲਾਗਲੇ ਪਿੰਡ ਦੇ ਕੁਝ ਪਰਿਵਾਰ ਕੈਲੇਫੋਰਨੀਆਂ ਵਿਚ ਰਹਿੰਦੇ ਸਨ । ਉਨ੍ਹਾਂ ਨਾਲ ਰਾਬਤਾ ਕਾਇਮ ਕੀਤਾ । ਉਨ੍ਹਾਂ ਕਰਮ ਸਿੰਘ ਹੋਰਾਂ ਨੂੰ ਆਪਣੇ ਕੋਲ ਬੁਲਾ ਲਿਆ । ਉਥੇ ਚਾਰ ਮਹੀਨੇ ਡਟਵੀਂ ਮਿਹਨਤ ਕਰਕੇ ਇਕ ਸਾਲ ਦੀ ਫੀਸ ਤੇ ਬਾਕੀ ਖਰਚੇ ਜੋਗੇ ਪੈਸੇ ਕਮਾ ਲਏ । ਇਸ ਸਾਲ ਦੀ ਪੜ੍ਹਾਈ ਪੂਰੀ ਹੋ ਗਈ । ਹੁਣ ਅਗਲੇ ਸਾਲ ਦੀ ਪੜ੍ਹਾਈ ਦੇ ਖਰਚੇ ਦਾ ਪ੍ਰਬੰਧ ਕਰਨਾ ਸੀ । ਇਨ੍ਹਾਂ ਨੇ ਫਿਰ ਚਾਰ ਮਹੀਨੇ ਮਿਹਨਤ ਮਜ਼ਦੂਰੀ ਕੀਤੀ ਤੇ ਅਗਲੇ ਸਾਲ ਦੇ ਖਰਚੇ ਦਾ ਪ੍ਰਬੰਧ ਕਰ ਲਿਆ । ਇੰਝ ਉਨ੍ਹਾਂ ਐਮ. ਐਸ. ਸੀ. ਦੀ ਡਿਗਰੀ ਪ੍ਰਾਪਤ ਕੀਤੀ । ਉਨ੍ਹਾਂ ਦੀ ਖੋਜ ਮੱਕੀ ਉੱਤੇ ਸੀ ।

ਹੁਣ ਪੀਐਚ. ਡੀ ਕਰਨ ਦੀ ਵਾਰੀ ਸੀ । ਇਨ੍ਹਾਂ ਵਿਭਾਗ ਦੇ ਮੁੱਖੀ ਨਾਲ ਵਿਚਾਰ ਵਟਾਂਦਰਾ ਕੀਤਾ । ਆਪਣੇ ਵਿਦਿਆਰਥੀ ਕਰਮ ਸਿੰਘ ਦੀ ਲਿਆਕਤ ਅਤੇ ਮਿਹਨਤ ਤੇ ਪ੍ਰਭਾਵ ਸਦਕਾ ਇਨ੍ਹਾਂ ਨੂੰ ਪੜ੍ਹਾਈ ਦੇ ਨਾਲ ਹੀ ਕੰਮ ਵੀ ਮਿਲ ਗਿਆ । ਇਹ ਪੜ੍ਹਾਈ ਬਿਨਾ ਕਿਸੇ ਮਾਲੀ ਸੰਕਟ ਤੋਂ ਦਸੰਬਰ 1957 ਵਿਚ ਪੂਰੀ ਹੋ ਗਈ । ਇਸ ਵਾਰ ਉਨ੍ਹਾਂ ਕਣਕ ਉੱਤੇ ਖੋਜ ਕੀਤੀ । ਪੜ੍ਹਾਈ ਪੂਰੀ ਹੁੰਦਿਆਂ ਹੀ ਯੂਨੀਵਰਸਿਟੀ ਵਿਚ ਨੌਕਰੀ ਮਿਲ ਗਈ । ਪਰ ਉਨ੍ਹਾਂ ਆਪਣੇ ਮਾਪਿਆਂ ਨਾਲ ਵਾਪਸ ਆਉਣ ਦਾ ਇਕਰਾਰ ਕੀਤਾ ਹੋਇਆ ਸੀ । ਸਾਲ ਕੁ ਨੌਕਰੀ ਕਰਕੇ ਜਦੋਂ ਕੁਝ ਪੈਸੇ ਇਕੱਠੇ ਹੋ ਗਏ ਤਾਂ ਉਨ੍ਹਾਂ ਵਾਪਸ ਵਤਨਾਂ ਵੱਲ ਸਤੰਬਰ 1958 ਵਿਚ ਉਡਾਰੀ ਮਾਰ ਲਈ । ਵਤਨ ਵਾਪਸ ਆ ਕੇ ਨੌਕਰੀ ਦੀ ਤਲਾਸ਼ ਸ਼ੁਰੂ ਹੋਈ । ਉਹ ਪੰਜਾਬ ਤੋਂ ਬਾਹਰ ਨਹੀਂ ਜਾਣਾ ਚਾਹੁੰਦੇ ਸਨ ਕਿਉਂਕਿ, ਆਪਣੇ ਸੂਬੇ ਦੀ ਕਿਰਸਾਣੀ ਦੀ ਸੇਵਾ ਕਰਨਾ ਉਨ੍ਹਾਂ ਦਾ ਮਿਸ਼ਨ ਸੀ । ਕੁਝ ਸਮਾਂ ਭਾਰਤੀ ਕ੍ਰਿਸ਼ੀ ਖੋਜ ਕੌਂਸਲ ਦੇ ਪ੍ਰੋਜੈਕਟ ਤੇ ਕੰਮ ਕਰਨ ਪਿਛੋਂ 1961 ਵਿਚ ਉਨ੍ਹਾਂ ਨੂੰ ਆਪਣੇ ਹੀ ਕਾਲਜ ਵਿੱਚ ਸਹਾਇਕ ਵੈਜੀਟੇਬਲ ਬੋਟਨਿਸਟ ਦੀ ਨੌਕਰੀ ਮਿਲ ਗਈ । ਅਮਰੀਕਾ ਵਿਚ ਭਾਵੇਂ ਉਨ੍ਹਾਂ ਦੀ ਖੋਜ ਮੱਕੀ ਅਤੇ ਕਣਕ ਅਧਾਰਿਤ ਸੀ ਪਰ ਇਥੇ ਸਬਜ਼ੀਆਂ ਉੱਤੇ ਖੋਜ ਕਰਨਾ ਉਨ੍ਹਾਂ ਲਈ ਚੁਣੌਤੀ ਸੀ ਕਿਉਂਕਿ, ਉਦੋਂ ਸਬਜ਼ੀਆਂ ਦਾ ਕੋਈ ਵੱਖਰਾ ਵਿਭਾਗ ਨਹੀਂ ਸੀ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ 1962 ਵਿਚ ਬਣਨ ਪਿੱਛੋਂ ਬਾਗਬਾਨੀ ਦਾ ਵੱਖਰਾ ਵਿਭਾਗ ਬਣਾਇਆ ਗਿਆ । ਸਬਜ਼ੀਆਂ ਨੂੰ ਵੀ ਇਸੇ ਨਾਲ ਜੋੜਿਆ ਗਿਆ । ਡਾ. ਨੰਦਪੁਰੀ ਦੀ ਤਰੱਕੀ ਬਤੌਰ ਵੈਜੀਟੇਬਲ ਬੋਟਨਿਸਟ 1964 ਵਿਚ ਹੋ ਗਈ ਤੇ ਉਹ ਸਬਜ਼ੀ ਸੈਕਸ਼ਨ ਦੇ ਮੁਖੀ ਬਣਾਏ ਗਏ । ਉਨ੍ਹਾਂ ਪੂਰੀ ਮਿਹਨਤ ਅਤੇ ਲਗਨ ਨਾਲ ਸਬਜ਼ੀਆਂ ਉੱਤੇ ਖੋਜ ਸ਼ੁਰੂ ਕੀਤੀ ।

ਉਨ੍ਹਾਂ ਵੱਲੋਂ ਕੀਤੇ ਵਧੀਆ ਕੰਮ ਅਤੇ ਵਿਕਸਤ ਕੀਤੀਆਂ ਨਵੀਆਂ ਕਿਸਮਾਂ ਕਰਕੇ ਉਨ੍ਹਾਂ ਨੂੰ 1969 ਵਿਚ ਸਬਜ਼ੀਆਂ ਦਾ ਪ੍ਰੋਫੈਸਰ ਬਣਾ ਦਿੱਤਾ ਗਿਆ ਤੇ ਛੇਤੀ ਹੀ ਉਹ ਬਾਗਬਾਨੀ ਵਿਭਾਗ ਦੇ ਮੁੱਖੀ ਬਣਾ ਦਿੱਤੇ ਗਏ । ਉਹ ਇਸ ਵਿਭਾਗ ਦੇ 1974 ਤੱਕ ਮੁੱਖੀ ਰਹੇ ਜਦੋਂ ਇਹ ਵਿਭਾਗ ਦੋ ਹਿੱਸਿਆਂ ਵਿਚ ਵੰਡਿਆ ਗਿਆ । ਫਲ ਵਿਗਿਆਨ ਵੱਖਰਾ ਵਿਭਾਗ ਬਣ ਗਿਆ । ਸਬਜ਼ੀਆਂ, ਫੁੱਲਾਂ ਤੇ ਭੂ-ਦ੍ਰਿਸ਼ ਦਾ ਵੱਖਰਾ ਵਿਭਾਗ ਬਣਾ ਦਿੱਤਾ ਗਿਆ । ਡਾ. ਨੰਦਪੁਰੀ ਹੁਣ ਇਸ ਨਵੇਂ ਵਿਭਾਗ ਦੇ ਮੁੱਖੀ ਬਣੇ । ਇਥੇ ਉਹ 1983 ਤਕ ਰਹੇ । ਕਿਸੇ ਵਿਭਾਗ ਦੇ ਮੁੱਖੀ ਲਈ ਇਹ ਸਭ ਤੋਂ ਲੰਬਾ ਸਮਾਂ ਸੀ । ਯੂਨੀਵਰਸਿਟੀ ਦੇ ਡਾਇਰੈਕਟਰ ਪਸਾਰ ਸਿੱਖਿਆ ਦਾ ਉਨ੍ਹਾਂ ਕੋਲ ਵਾਧੂ ਚਾਰਜ 1980 ਤੋਂ ਸੀ ਪਰ 1983 ਵਿਚ ਉਹ ਪੱਕੇ ਤੌਰ ਉਤੇ ਡਾਇਰੈਕਟਰ ਪਸਾਰ ਸਿੱਖਿਆ ਬਣਾਏ ਗਏ । ਯੂਨੀਵਰਸਿਟੀ ਨਿਯਮਾਂ ਅਨੁਸਾਰ ਚਾਰ ਸਾਲ ਦੀ ਆਪਣੀ ਪਾਰੀ ਪੂਰੀ ਕਰਨ ਪਿਛੋਂ ਉਨ੍ਹਾਂ ਨੂੰ ਫਰਵਰੀ 1987 ਵਿਚ ਡਾਇਰੈਕਟਰ ਖੋਜ ਬਣਾਇਆ ਗਿਆ । ਜਿਥੋਂ ਉਹ 31 ਅਗਸਤ 1991 ਨੂੰ ਸੇਵਾ ਮੁਕਤ ਹੋਏ । ਸਬਜ਼ੀਆਂ ਉੱਤੇ ਖੋਜ ਦੌਰਾਨ ਉਨ੍ਹਾਂ ਨੇ ਪੰਜਾਬ ਵਿਚ ਕਾਸ਼ਤ ਕੀਤੀਆਂ ਜਾ ਸਕਣ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਲਈ ਸਿਫਾਰਸ਼ਾਂ ਤਿਆਰ ਕੀਤੀਆਂ ਗਈਆਂ । ਉਨ੍ਹਾਂ ਦੀ ਦੇਖ ਰੇਖ ਹੇਠ 10 ਸਬਜ਼ੀਆਂ ਦੀਆਂ ਕੋਈ 30 ਕਿਸਮਾਂ ਵਿਕਸਤ ਹੋਈਆਂ ਜਿਸ ਨਾਲ ਪੰਜਾਬ ਵਿਚ ਸਬਜ਼ੀਆਂ ਦੀ ਕਾਸ਼ਤ ਨੂੰ ਇਕ ਨਵੀਂ ਸੇਧ ਮਿਲੀ ।

ਉਨ੍ਹਾਂ ਸਭ ਤੋਂ ਪਹਿਲਾਂ ਖੋਜ ਕਾਰਜ ਖਰਬੂਜ਼ੇ ਉੱਤੇ ਸ਼ੁਰੂ ਕੀਤਾ ਅਤੇ 1967 ਵਿਚ 'ਹਰਾ ਮੱਧੂ' ਕਿਸਮ ਨੂੰ ਵਿਕਸਤ ਕਰਨ ਵਿਚ ਸਫਲ ਹੋਏ । ਆਪਣੀ ਮਿਠਾਸ ਅਤੇ ਸਵਾਦ ਦੇ ਕਾਰਨ ਇਹ ਕਿਸਮ ਪੂਰੇ ਦੇਸ਼ ਵਿਚ ਪ੍ਰਸਿੱਧ ਹੋਈ । ਹੁਣ ਵੀ ਗਾਹਕ ਦੀ ਪਹਿਲੀ ਪਸੰਦ ਇਹ ਹੀ ਕਿਸਮ ਹੈ । ਇਸ ਦੀ ਨਰਮੀ ਨੂੰ ਦੂਰ ਕਰਨ ਲਈ ਕੀਤੀ ਗਈ ਖੋਜ ਦੇ ਕਾਰਨ ਦੂਸਰੀ ਕਿਸਮ ਪੰਜਾਬ ਸੁਨਹਿਰਾ 1974 ਵਿਚ ਕਿਸਾਨਾਂ ਨੂੰ ਕਾਸ਼ਤ ਲਈ ਦਿੱਤੀ ਗਈ । ਇਸ ਵਿਚ ਹਰਾ ਮੱਧੂ ਦੇ ਸਾਰੇ ਗੁਣ ਸਨ ਪਰ ਇਸ ਦਾ ਛਿਲਕਾ ਮਜ਼ਬੂਤ ਹੈ ਅਤੇ ਇਸ ਦਾ ਉਤਪਾਦਨ ਵੀ 160 ਕੁਇੰਟਲ ਪ੍ਰਤੀ ਹੈਕਟਰ ਹੈ । ਖਰਬੂਜ਼ੇ ਦੀ ਤੀਜੀ ਕਿਸਮ ਉਹਨਾਂ ਨੇ ਪੰਜਾਬ ਹਾਈਬ੍ਰਿਡ ਵਿਕਸਤ ਕੀਤੀ । ਇਨ੍ਹਾਂ ਤਿੰਨਾਂ ਕਿਸਮਾਂ ਦੀ ਕਾਸ਼ਤ ਅੱਜ ਵੀ ਕੀਤੀ ਜਾਂਦੀ ਹੈ ।

ਖਰਬੂਜ਼ੇ ਦੇ ਨਾਲੋ-ਨਾਲ ਉਨ੍ਹਾਂ ਨੇ ਟਮਾਟਰ ਉੱਤੇ ਵੀ ਵਧੀਆ ਖੋਜ ਕਾਰਜ ਕੀਤਾ । ਉਨ੍ਹਾਂ ਵੱਲੋਂ ਵਿਕਸਿਤ ਕੀਤੀਆਂ ਗਈਆਂ ਟਮਾਟਰਾਂ ਦੀਆਂ ਕਿਸਮਾਂ ਨੇ ਪੰਜਾਬ ਵਿਚ ਟਮਾਟਰ ਦੀ ਖੇਤੀ ਵਿਚ ਵਾਧਾ ਕੀਤਾ । ਉਨ੍ਹਾਂ ਵੱਲੋਂ ਵਿਕਸਤ ਟਮਾਟਰ ਦੀ ਪਹਿਲੀ ਕਿਸਮ ਐਸ-12 1967 ਵਿਚ ਕਿਸਾਨਾਂ ਨੂੰ ਕਾਸ਼ਤ ਲਈ ਦਿੱਤੀ ਗਈ । ਇਸ ਕਿਸਮ ਦਾ ਝਾੜ 450 ਕੁਇੰਟਲ ਪ੍ਰਤੀ ਹੈਕਟੇਅਰ ਸੀ । ਇਸ ਤੋਂ ਬਾਅਦ 1971 ਵਿਚ ਤਿੰਨ ਹੋਰ ਕਿਸਮਾਂ ਕਿਕਰਥ ਅਗੇਤੀ, ਕਿਕਰਥ ਅਤੇ ਪੰਜਾਬ ਟਰਾਪਿਕ ਕਾਸ਼ਤ ਲਈ ਦਿੱਤੀਆਂ ਗਈਆਂ । ਇਨ੍ਹਾਂ ਦਾ ਉਤਪਾਦਨ 600 ਕੁਇੰਟਲ ਪ੍ਰਤੀ ਹੈਕਟਰ ਸੀ । ਪਰ ਉਹ ਚਾਹੁੰਦੇ ਸਨ ਕਿ ਇਹ ਅਜਿਹੀ ਕਿਸਮ ਵਿਕਸਤ ਕੀਤੀ ਜਾਵੇ ਜਿਸਦਾ ਉਤਪਾਦਨ ਵੱਧ ਹੋਵੇ, ਉਹ ਸਖਤ ਹੋਵੇ ਤਾਂ ਜੋ ਕੁਝ ਦਿਨਾਂ ਦੇ ਲਈ ਰੱਖੀ ਜਾ ਸਕੇ । ਅਜਿਹੀ ਕਿਸਮ ਤਿਆਰ ਕਰਨ ਵਿਚ ਉਹ 1975 ਵਿਚ ਸਫਲ ਹੋਏ ਅਤੇ ਪੰਜਾਬ ਛੁਆਰਾ ਨਾਮ ਦੀ ਕਿਸਮ ਕਾਸ਼ਤ ਲਈ ਦਿੱਤੀ ਗਈ । ਇਹ ਕਿਸਮ ਟਮਾਟਰ ਦੀ ਖੇਤੀ ਵਿਚ ਨਵੀਂ ਕ੍ਰਾਂਤੀ ਲੈ ਕੇ ਆਈ । ਇਸਦਾ ਉਤਪਾਦਨ 800 ਕੁਇੰਟਲ ਪ੍ਰਤੀ ਹੈਕਟੇਅਰ ਹੈ ਅਤੇ ਹੁਣ ਵੀ ਸਭ ਤੋਂ ਵੱਧ ਰਕਬੇ ਵਿਚ ਇਸ ਦੀ ਕਾਸ਼ਤ ਕੀਤੀ ਜਾ ਰਹੀ ਹੈ । ਇਸ ਨਾਲ ਪੰਜਾਬ ਵਿਚ ਸਬਜ਼ੀਆਂ ਦੀ ਕਾਸ਼ਤ ਨੂੰ ਚੰਗਾ ਹੁਲਾਰਾ ਮਿਲਿਆ । ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਨੂੰ ਦੇਖ ਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ 1967 ਵਿਚ ਉਨ੍ਹਾਂ ਨੂੰ ਸਨਮਾਨਿਤ ਕੀਤਾ । ਪੰਜਾਬ ਦੇ ਕਿਸਾਨਾਂ ਨੇ 1972 ਵਿਚ ਉਨ੍ਹਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ । ਭਾਰਤੀ ਖੇਤੀ ਖੋਜ ਪਰਿਸ਼ਦ ਨੇ ਉਨ੍ਹਾਂ ਨੂੰ ਪੀ ਬੀ ਸਰਕਾਰ ਪੁਰਸਕਾਰ ਤੇ ਰਫੀ ਅਹਿਮਦ ਕਿਦਵਈ ਪੁਰਸਕਾਰ ਨਾਲ ਸਨਮਾਨਿਤ ਕੀਤਾ । ਇਸ ਪਰਿਸ਼ਦ ਵੱਲੋਂ ਸਭ ਤੋਂ ਉੱਚਾ ਸਨਮਾਨ ਰਫੀ ਅਹਿਮਦ ਕਿਦਵਈ 1981 ਵਿਚ ਦਿੱਤਾ ਗਿਆ ।

ਪੰਜਾਬ ਵਿਚ ਸਬਜ਼ੀਆਂ ਦੀ ਕਾਸ਼ਤ ਨੂੰ ਵਿਗਿਆਨਕ ਲੀਹਾਂ ਉੱਤੇ ਵਿਕਸਤ ਕਰਨ ਵਾਲਾ ਇਹ ਖੇਤੀ ਵਿਗਿਆਨੀ 11 ਮਈ ਵਾਲੇ ਦਿਨ ਇਸ ਸੰਸਾਰ ਵਿੱਚੋਂ ਰੁਖਸਤ ਹੋ ਗਿਆ ।

# ਕੱਚੇ ਅੰਬ ਅਤੇ ਸੁਆਦਲੇ ਪਦਾਰਥ



ਹਰਪ੍ਰੀਤ ਕੌਰ,
ਭੋਜਨ ਅਤੇ ਪੋਸ਼ਣ ਵਿਭਾਗ
ਮੋ. 98146-94656

### ਕੱਚੇ ਅੰਬਾਂ ਦਾ ਪੰਨਾ

**ਸਮੱਗਰੀ** : ਕੱਚੇ ਅੰਬ : 2 ਕਿਲੋ (ਗੁੱਦਾ 1 ਕਿਲੋ), ਖੰਡ : 2 ਕਿਲੋ, ਪਾਣੀ : 1 ਲਿਟਰ, ਨਿੰਬੂ ਦਾ ਸਤ : 25 ਗ੍ਰਾਮ (5 ਚਮਚ), ਭੁੰਨਿਆ ਅਤੇ ਪੀਸਿਆ ਜ਼ੀਰਾ : 25 ਗ੍ਰਾਮ, ਕਾਲਾ ਨਮਕ : 10-15 ਚਮਚ (ਸਵਾਦ ਅਨੁਸਾਰ), ਪੁਦੀਨਾ : 1 ਗੁੱਟੀ (250 ਗ੍ਰਾਮ), ਪੋਟਾਸ਼ੀਅਮ ਮੈਟਾਬਾਈਸਲਫਾਈਟ : ਅੱਧਾ ਚਮਚ ।



**ਤਰੀਕਾ** : ਅੰਬਾਂ ਨੂੰ ਧੋ ਲਵੋ ਅਤੇ ਛਿੱਲ ਲਵੋ । ਪ੍ਰੈਸ਼ਰ ਕੁੱਕਰ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ 2-3 ਸੀਟੀਆਂ ਵਜਾ ਦਿਓ । ਠੰਡਾ ਹੋਣ ਤੇ ਹੱਥ ਨਾਲ ਮਸਲ ਕੇ ਗਿਟਕ ਤੋਂ ਗੁੱਦਾ ਚੰਗੀ ਤਰ੍ਹਾਂ ਉਤਾਰ ਲਵੋ । ਗੁੱਦੇ ਨੂੰ ਮਿਕਸਰ ਜਾਂ ਹੱਥ ਵਾਲੇ ਬਲੈਂਡਰ ਨਾਲ ਇਕਸਾਰ ਕਰ ਲਵੋ । ਹੁਣ ਸਟੀਲ ਦੇ ਭਾਂਡੇ ਵਿਚ ਪਾਣੀ ਅਤੇ ਖੰਡ ਪਾ ਕੇ ਉਬਾਲੋ । ਉਬਾਲਾ ਆਉਣ ਤੇ ਨਿੰਬੂ ਦਾ ਸਤ ਪਾ ਕੇ, ਇਕ ਦੋ ਉਬਾਲੇ ਦਿਉ । ਹੁਣ ਇਸ ਚਾਸ਼ਨੀ ਵਿਚ ਪੀਸਿਆ ਜੀਰਾ, ਕਾਲੀ ਮਿਰਚ, ਕਾਲਾ ਨਮਕ ਅਤੇ ਪੁਦੀਨੇ ਦਾ ਪੇਸਟ ਪਾਓ ਅਤੇ ਉਬਾਲਾ ਦਿਓ । ਹੁਣ ਮਲਮਲ ਦੇ ਕੱਪੜੇ ਜਾਂ ਪੋਣੀ ਨਾਲ ਛਾਣ ਲਓ । ਹੁਣ ਚਾਸ਼ਨੀ ਨੂੰ ਅੰਬਾਂ ਦੇ ਗੁੱਦੇ ਵਿਚ ਹੌਲੀ-ਹੌਲੀ ਪਾਓ ਅਤੇ ਚੰਗੀ ਤਰ੍ਹਾਂ ਮਿਲਾਓ । ਜ਼ਿਆਦਾ ਤੇਰ ਤੱਕ ਖਰਾਬ ਹੋਣ ਤੋਂ ਬਚਾਉਣ ਲਈ ਪੋਟਾਸ਼ੀਅਮ ਮੈਟਾਬਾਈ-ਸਲਫਾਈਟ ਨੂੰ ਥੋੜ੍ਹੇ ਜਿਹੇ ਤਿਆਰ ਮਿਸ਼ਰਣ ਵਿਚ ਘੋਲ ਕੇ, ਬਾਕੀ ਅੰਬ ਪੰਨੇ ਵਿਚ ਚੰਗੀ ਤਰ੍ਹਾਂ ਮਿਲਾਉ । ਪੰਨੇ ਨੂੰ ਜੀਵਾਣੂੰ ਰਹਿਤ ਕੀਤੀ ਕੱਚ ਦੀਆਂ ਬੋਤਲਾਂ ਵਿਚ ਭਰੋ ਅਤੇ ਉੱਪਰੋਂ ਡੇਢ ਇੰਚ ਜਗ੍ਹਾ ਖਾਲੀ ਛੱਡੋ । ਢੱਕਣ ਬੰਦ ਕਰਕੇ ਰੱਖੋ ਅਤੇ ਲੋੜ ਪੈਣ ਤੇ ਇਕ ਹਿੱਸਾ ਅੰਬ ਪੰਨੇ ਵਿਚ 3 ਹਿੱਸੇ ਠੰਡਾ ਪਾਣੀ ਪਾ ਕੇ ਪੀਉ ।

### ਗੜ੍ਹੂੰਬਾ (ਲੌਂਜੀ ਜਾਂ ਮਿੱਠਾ ਅੰਬ ਦਾ ਅਚਾਰ)

**ਸਮੱਗਰੀ** : ਗਿਟਕਾਂ ਸਮੇਤ ਕੱਚੇ ਅੰਬ : 2 ਕਿਲੋ (ਗੁੱਦਾ = 1 ਕਿਲੋ), ਗੁੜ : 500 ਗ੍ਰਾਮ, ਲੂਣ : 10 ਗ੍ਰਾਮ, ਲਾਲ ਮਿਰਚ ਪਾਊਡਰ : 5 ਗ੍ਰਾਮ, ਜ਼ੀਰਾ : 10 ਗ੍ਰਾਮ, ਕਾਲਾ ਲੂਣ : 10 ਗ੍ਰਾਮ, ਸਰ੍ਹੋਂ ਦਾ ਤੇਲ ਲੂਣ : 10 ਮਿ.ਲੀ., ਪਾਣੀ : 500 ਮਿ.ਲੀ.

**ਤਰੀਕਾ** : ਅੰਬਾਂ ਨੂੰ ਧੋ ਲਵੋ ਅਤੇ ਪ੍ਰੈਸ਼ਰ ਕੁੱਕਰ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ 2-3 ਸੀਟੀਆਂ ਵਜਾ ਦਿਓ । ਠੰਡਾ ਹੋਣ ਤੇ ਛਿੱਲ ਲਵੋ । ਹੱਥ ਨਾਲ ਮਸਲ ਕੇ ਗਿਟਕ ਤੋਂ ਗੁੱਦਾ ਚੰਗਾ ਤਰ੍ਹਾਂ ਉਤਾਰ ਲਵੋ ਜਾਂ ਗਿਟਕਾਂ ਸਮੇਤ ਵੀ ਵਰਤ ਸਕਦੇ ਹਾਂ । ਕੜਾਹੀ ਵਿਚ ਸਰ੍ਹੋਂ ਦਾ ਤੇਲ ਪਾ ਕੇ ਗਰਮ ਕਰੋ । ਇਸ ਵਿਚ ਜ਼ੀਰਾ ਪਾ ਕੇ ਭੁੰਨੋ । ਹੁਣ ਇਸ ਵਿਚ ਲਾਲ ਮਿਰਚ ਪਾਊਡਰ, ਲੂਣ, ਕਾਲਾ ਲੂਣ ਤੇ ਅੰਬਾਂ ਦਾ ਗੁੱਦਾ ਜਾਂ ਗਿਟਕਾਂ ਸਮੇਤ ਅੰਬ ਪਾ ਦਿਓ ਅਤੇ ਚੰਗੀ ਤਰ੍ਹਾਂ ਮਿਲਾਓ । ਇਸ ਵਿਚ ਪੀਸਿਆ ਹੋਇਆ ਗੁੜ ਪਾ ਕੇ ਚੰਗੀ ਤਰ੍ਹਾਂ ਹਿਲਾਓ । ਥੋੜ੍ਹਾ ਜਿਹਾ ਪਾਣੀ ਪਾ ਕੇ ਚੰਗੀ ਤਰ੍ਹਾਂ ਉਬਾਲੋ । ਗਾੜ੍ਹਾ ਹੋਣ ਤੇ ਗੈਸ ਤੋਂ ਉਤਾਰ ਲਵੋ ਅਤੇ ਗਰਮ-ਗਰਮ ਮਿਸ਼ਰਣ ਨੂੰ ਸ਼ੀਸ਼ੇ ਦੇ ਬਰਤਨ ਵਿਚ ਪਾ ਕੇ ਢਿੱਲਾ ਢਕਣ ਲਗਾਓ । ਠੰਡਾ ਹੋਣ ਤੇ ਢੱਕਣ ਬੰਦ ਕਰ ਦਿਓ । ਇਸ ਨੂੰ ਰੋਟੀ ਜਾਂ ਪਰਾਂਠੇ ਨਾਲ ਪਰੋਸੋ ।

### ਅੰਬਚੂਰ

**ਸਮੱਗਰੀ** : ਕੱਚੇ ਅੰਬ : 1 ਕਿਲੋ

**ਤਰੀਕਾ** : ਕੱਚੇ ਅੰਬਾਂ ਨੂੰ ਚੰਗੀ ਤਰ੍ਹਾਂ ਧੋ ਕੇ ਸੁਕਾ ਲਵੋ । ਫੇਰ ਅੰਬਾਂ ਨੂੰ ਸਟੇਨਲੈੱਸ ਸਟੀਲ ਪੀਲਰ ਨਾਲ ਛਿਲਕੇ ਪਤਲੇ-ਪਤਲੇ ਟੁਕੜੇ ਕੱਟ ਲਉ ਜਾਂ ਕੱਦੂਕਸ ਕਰ ਲਓ । ਅੰਬਾਂ ਦੇ ਟੁਕੜਿਆਂ ਜਾਂ ਕੱਦੂਕਸ ਕੀਤੇ ਅੰਬਾਂ ਨੂੰ ਸਾਫ ਕਪੜੇ ਉੱਪਰ ਫੈਲਾ ਕੇ ਸੁੱਕੇ ਮਲਮਲ ਦੇ ਕੱਪੜੇ ਨਾਲ ਚੰਗੀ ਤਰ੍ਹਾਂ ਢੱਕ ਕੇ ਇਨ੍ਹਾਂ ਨੂੰ 2 ਤੋਂ 3 ਦਿਨਾਂ ਲਈ ਧੁੱਪ ਵਿਚ ਸੁੱਕਣ ਲਈ ਰੱਖੋ । ਜਦੋਂ ਟੁਕੜੇ ਪੂਰੀ ਤਰ੍ਹਾਂ ਸੁੱਕੇ ਅੰਬਾਂ ਨੂੰ ਮਿਕਸਰ ਜਾਰ ਵਿਚ ਪਾ ਦਿਉ ਅਤੇ ਬਰੀਕ ਪੀਸ ਕੇ ਛਾਣ ਲਉ । ਅਮਚੂਰ ਪਾਊਡਰ ਵਰਤੋਂ ਲਈ ਤਿਆਰ ਹੈ ਇਸਨੂੰ ਕਿਸੇ ਹਵਾਬੰਦ ਡੱਬੇ ਵਿਚ ਸਟੋਰ ਕਰਕੇ ਲੋੜ ਅਨੁਸਾਰ ਵਰਤੋਂ ।

### ਕੱਚੇ ਅੰਬਾਂ ਦੀ ਚਟਨੀ

**ਸਮੱਗਰੀ** : ਕੱਚੇ ਅੰਬ : 2 ਕਿਲੋ (ਗੁੱਦਾ = 1 ਕਿਲੋ), ਖੰਡ : 1 ਕਿਲੋ, ਲੂਣ : 30 ਗ੍ਰਾਮ, ਭੁੰਨਿਆ ਅਤੇ ਪੀਸਿਆ ਜ਼ੀਰਾ : 10 ਗ੍ਰਾਮ, ਕਲੌਂਜੀ : 10 ਗ੍ਰਾਮ, ਲਾਲ ਮਿਰਚ ਪਾਊਡਰ : 15 ਗ੍ਰਾਮ (ਸਵਾਦ ਅਨੁਸਾਰ), ਐਸਿਟਿਕ ਐਸਿਡ : 7.5 ਮਿ. ਲਿ., ਸੋਡੀਅਮ ਬੈਨਜ਼ੋਏਟ : 1.0 ਗ੍ਰਾਮ

**ਤਰੀਕਾ** : ਅੰਬਾਂ ਨੂੰ ਚੰਗੀ ਤਰ੍ਹਾਂ ਧੋਕੇ ਸੁਕਾ ਲਵੋ । ਫਿਰ ਅੰਬਾਂ ਨੂੰ ਛਿੱਲ ਕੇ ਕੱਦੂਕਸ ਕਰ ਲਉ । ਕੱਦੂਕਸ ਕੀਤੇ ਅੰਬਾਂ ਵਿਚ ਲੂਣ ਪਾ ਕੇ ਅੱਧੇ ਘੰਟੇ ਲਈ ਪਿਆ ਰਹਿਣ ਦਿਓ । ਇਸ ਨੂੰ ਅੱਗ ਤੇ ਰੱਖ ਕੇ ਪਕਾਓ ਜਦੋਂ ਤੱਕ ਗੁੱਦਾ ਨਰਮ ਨਾ ਹੋ ਜਾਏ । ਹੁਣ ਇਸ ਵਿਚ ਖੰਡ ਪਾ ਕੇ ਚੰਗੀ ਤਰ੍ਹਾਂ ਹਿਲਾਓ ਜਦੋਂ ਤੱਕ ਇਹ ਗਾੜ੍ਹਾ ਨਾ ਹੋ ਜਾਏ । ਇਸ ਤੋਂ ਬਾਅਦ ਲਾਲ ਮਿਰਚ ਪਾਊਡਰ, ਭੁੰਨਿਆ ਅਤੇ ਪੀਸਿਆ ਜ਼ੀਰਾ ਅਤੇ ਕਲੌਂਜੀ ਪਾ ਕੇ ਚੰਗੀ ਤਰ੍ਹਾਂ ਹਿਲਾਓ । ਅੱਗ ਤੋਂ ਕੜਾਹੀ ਨੂੰ ਉਤਾਰ ਕੇ ਇਸ ਵਿਚ ਐਸਿਟਿਕ ਐਸਿਡ ਅਤੇ ਸੋਡੀਅਮ ਬੈਨਜ਼ੋਏਟ ਪਾ ਕੇ ਚੰਗੀ ਤਰ੍ਹਾਂ ਰਲਾ ਦਿਓ । ਗਰਮ-ਗਰਮ ਚਟਨੀ ਸ਼ੀਸ਼ੇ ਦੇ ਬਰਤਨ ਵਿਚ ਪਾ ਕੇ ਢਿੱਲੇ ਢੱਕਣ ਲਗਾਓ । ਠੰਡਾ ਹੋਣ ਤੇ ਢੱਕਣ ਬੰਦ ਕਰ ਦਿਓ ।

# ਸਿਹਤ ਦਾ ਰਾਜ, ਮੋਟੇ ਅਨਾਜ

★ ਮੋਟੇ ਅਨਾਜਾਂ ਦੇ ਆਟੇ ਤੋਂ ਰੋਟੀ, ਪਰਾਂਠੇ, ਚੀਲਾ, ਪਿੰਨੀ, ਪੰਜੀਰੀ, ਪੈਨ ਕੇਕ ਆਦਿ ਤਿਆਰ ਕੀਤੇ ਜਾ ਸਕਦੇ ਹਨ ।

★ ਸਾਬਤ ਮੋਟੇ ਅਨਾਜਾਂ ਤੋਂ ਦਲੀਆ, ਖੀਰ, ਖਿਚੜੀ ਆਦਿ ਤਿਆਰ ਕਰ ਸਕਦੇ ਹਾਂ ।

★ ਬੇਕਰੀ ਉਤਪਾਦ ਜਿਵੇਂ ਕੇਕ, ਕੂਕੀਜ਼ ਰਸ ਆਦਿ ਬਣਾਏ ਜਾ ਸਕਦੇ ਹਨ ।



★ ਕਟਲੇਟ, ਬਾਰ ਆਦਿ ਨੂੰ ਮੋਟੇ ਅਨਾਜ ਦੁਆਰਾ ਸਫਲਤਾ ਪੂਰਵਕ ਤਿਆਰ ਕੀਤਾ ਜਾ ਸਕਦਾ ਹੈ ।

★ ਇਡਲੀ, ਉਤਪਮ ਵਰਗੇ ਖਾਧ ਪਦਾਰਥ ਵੀ ਮੋਟੇ ਅਨਾਜ ਦੇ ਆਟੇ ਤੋਂ ਬਣਾਏ ਜਾ ਸਕਦੇ ਹਨ ।

★ ਭੁੰਨੇ ਹੋਏ ਸਾਬਤ ਮੋਟੇ ਅਨਾਜਾਂ ਨੂੰ ਨਮਕੀਨ ਦੇ ਰੂਪ ਵਿਚ ਖਾਧਾ ਜਾ ਸਕਦਾ ਹੈ ।

ਮੋਟੇ ਅਨਾਜ ਤੋਂ ਤਿਆਰ ਕੁਝ ਪਕਵਾਨ ਬਣਾਉਣ ਦੀਆਂ ਵਿਧੀਆਂ ਹੇਠ ਦਿੱਤੀਆਂ ਹਨ :

**ਖੀਰ**

**ਸਮੱਗਰੀ** :

ਕੰਗਣੀ : 100 ਗ੍ਰਾਮ, ਖੰਡ : 75 ਗ੍ਰਾਮ,

ਦੁੱਧ : 1 ਲੀਟਰ ਇਲਾਇਚੀ ਪਾਊਡਰ : 1/8 ਚਮਚ

**ਵਿਧੀ** :

ਕੰਗਣੀ ਨੂੰ 2 ਤੋਂ 4 ਘੰਟੇ ਲਈ ਭਿਉਂ ਲਵੋ । ਇਕ ਪੈਨ ਵਿਚ ਧੋਤੀ ਹੋਈ ਕੰਗਣੀ ਨੂੰ ਪਾਓ ਅਤੇ ਘੱਟ ਤੋਂ ਘੱਟ 1 ਘੰਟੇ ਲਈ ਬਹੁਤ ਹੌਲੀ ਅੱਗ 'ਤੇ ਉਬਾਲੋ । ਫਿਰ ਖੰਡ ਪਾਓ ਅਤੇ ਖੀਰ ਨੂੰ ਹੋਰ 10 ਮਿੰਟ ਪਕਾਓ । ਅਖੀਰ ਵਿਚ ਇਲਾਇਚੀ ਪਾਊਡਰ ਅਤੇ ਖੀਰ ਨੂੰ ਫਰਿੱਜ਼ ਵਿਚ ਠੰਢਾ ਕਰਕੇ ਖਾਓ ।

**ਦਲੀਆ**

**ਸਮੱਗਰੀ** : ਕੰਗਣੀ : 100 ਗ੍ਰਾਮ, ਪਿਆਜ਼ : 15 ਗ੍ਰਾਮ, ਗਾਜਰ : 15 ਗ੍ਰਾਮ, ਮਟਰ : 15 ਗ੍ਰਾਮ, ਸ਼ਿਮਲਾ ਮਿਰਚ : 15 ਗ੍ਰਾਮ, ਹਰੀ ਮਿਰਚ : 1, ਨਮਕ : 1 ਚਮਚ, ਲਾਲ ਮਿਰਚ ਪਾਊਡਰ : 1/4 ਚਮਚ, ਤੇਲ : 2 ਚਮਚ

**ਵਿਧੀ** : ਸਾਰੀਆਂ ਸਬਜ਼ੀਆਂ ਨੂੰ ਕੱਟ ਕੇ ਤੇਲ ਵਿਚ ਭੁੰਨ ਲਓ । ਜਦੋਂ ਸਬਜ਼ੀਆਂ ਅੱਧੀਆਂ ਪੱਕ ਜਾਣ ਤਾਂ ਮਸਾਲੇ ਪਾਓ । 200 ਮਿਲੀ ਲੀਟਰ ਪਾਣੀ ਅਤੇ ਭਿੱਜੀ ਕੰਗਣੀ (2 ਘੰਟਿਆਂ ਲਈ ਭਿੱਜੀ ਹੋਈ) ਪਾਓ । ਦਲੀਏ ਨੂੰ ਨਰਮ ਹੋਣ ਤੱਕ ਪ੍ਰੈਸ਼ਰ ਕੁੱਕਰ ਵਿਚ ਪਕਾਓ । ਤਿਆਰ ਦਲੀਆ ਦਹੀਂ ਨਾਲ ਪਰੋਸੋ ।

**ਸੱਤੂ**

**ਸਮੱਗਰੀ** : ਮੋਟਾ ਅਨਾਜ (ਕੰਗਣੀ / ਚੀਨਾ / ਜਵਾਰ) : 100 ਗ੍ਰਾਮ, ਪੁਦੀਨੇ ਦੇ ਕੁਝ ਪੱਤੇ : ਸੁਆਦ ਅਨੁਸਾਰ, ਨਿੰਬੂ, ਸ਼ੱਕਰ, ਨਮਕ : ਸੁਆਦ ਅਨੁਸਾਰ ।

**ਵਿਧੀ** : ਮੋਟੇ ਅਨਾਜ ਦੇ ਦਾਣਿਆਂ ਨੂੰ 1 ਘੰਟੇ ਲਈ ਬਹੁਤ ਹਲਕੀ ਅੱਗ ਤੇ ਉਦੋਂ ਤੱਕ ਭੁੰਨੋ ਜਦ ਤੱਕ ਉਹਨਾਂ ਵਿਚੋਂ ਖੁਸ਼ਬੂ ਨਾ ਆਉਣ ਲੱਗੇ । ਦਾਣਿਆਂ ਨੂੰ ਠੰਢਾ ਹੋਣ ਤੇ ਪੀਸ ਕੇ ਉਸ ਤੋਂ ਪਾਊਡਰ ਬਣਾ ਲਉ । ਸੱਤੂ ਪਾਊਡਰ ਤਿਆਰ ਹੈ । ਹੁਣ ਇਸ ਪਾਊਡਰ ਦੇ 2 ਚਮਚ 250 ਮਿਲੀਲਿਟਰ ਪਾਣੀ ਵਿਚ ਮਿਲਾਓ । ਇਸ ਵਿਚ ਪੁਦੀਨੇ ਦੇ ਪੱਤੇ, ਨਿੰਬੂ ਦਾ ਰਸ, ਸ਼ੱਕਰ ਅਤੇ ਨਮਕ ਮਿਲਾ ਦੇ ਪੀਓ ।

ਰੇਣੂਕਾ ਅਗਰਵਾਲ, ਭੋਜਨ ਤੇ ਪੋਸ਼ਣ ਵਿਭਾਗ,
ਮੋ. 98554-44401

------- ਬਾਕੀ ਸਫਾ 3 ਦੀ -------

## ਝੋਨੇ ਦੀ ਘੱਟ ਸਮੇਂ ਦੀ ਕਿਸਮ ਪੀ ਆਰ-126 ਦੀ ਸਫਲ ਕਾਸ਼ਤ ਲਈ ਜ਼ਰੂਰੀ ਨੁਕਤੇ

ਅਤੇ 40 ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਬਿਜਾਈ ਸਮੇਂ ਪਾ ਦਿਓ । ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਓ ਤਾਂ ਜੋ 25-30 ਦਿਨਾਂ ਦੀ ਪਨੀਰੀ ਖੇਤ ਵਿਚ ਲਾਉਣ ਲਈ ਤਿਆਰ ਹੋ ਜਾਵੇ ।



5) ਜੇਕਰ ਪਨੀਰੀ ਦੇ ਨਵੇਂ ਪੱਤੇ ਪੀਲੇ ਪੈ ਜਾਣ ਤਾਂ ਫੈਰਸ ਸਲਫੇਟ ਦੇ 3 ਛਿੜਕਾਅ ਹਫਤੇ-ਹਫਤੇ ਦੇ ਫਰਕ 'ਤੇ ਕਰੋ । ਫੈਰਸ ਸਲਫੇਟ ਦਾ 0.5-1.0% ਘੋਲ ਵਰਤੋ । ਜਿਸ ਲਈ ਅੱਧਾ ਤੋਂ ਇੱਕ ਕਿਲੋ ਫੈਰਸ ਸਲਫੇਟ ਪ੍ਰਤੀ 100 ਲਿਟਰ ਪਾਣੀ ਵਰਤਣਾ ਚਾਹੀਦਾ ਹੈ । ਜੇਕਰ ਪਨੀਰੀ 'ਤੇ ਜ਼ਿੰਕ ਦੀ ਘਾਟ ਆਉਂਦੀ ਹੈ ਤਾਂ 0.5% ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਦਾ ਪ੍ਰਤੀ ਏਕੜ ਛਿੜਕਾਅ ਕਰੋ ।

6) ਪਨੀਰੀ ਖੇਤ ਵਿਚ ਲਗਾਉਣ ਸਮੇਂ ਧਿਆਨ ਰੱਖੋ ਕਿ ਖੇਤ ਵਿਚ ਇੱਕ ਥਾਂ 'ਤੇ 2 ਬੂਟੇ ਲਗਾਏ ਜਾਣ । ਪ੍ਰਤੀ ਵਰਗ ਮੀਟਰ 30-33 ਬੂਟੇ ਲਗਾਉਣ ਨਾਲ ਵਧੀਆ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ । ਬੂਟੇ ਉੱਪਰ ਨੂੰ ਸਿੱਧੇ ਅਤੇ 2-3 ਸੈਂਟੀਮੀਟਰ ਡੂੰਘੇ ਲਗਾਓ । ਇਸ ਤਰ੍ਹਾਂ ਕਰਨ ਨਾਲ ਬੂਟਾ ਜ਼ਮੀਨ ਨਾਲ ਵਧੀਆ ਪਕੜ ਬਣਾਉਂਦਾ ਹੈ ਅਤੇ ਚੰਗਾ ਬੂਝਾ ਮਾਰਦਾ ਹੈ ।

7) ਪੀ ਆਰ 126 ਦਾ ਵਧੀਆ ਝਾੜ ਪ੍ਰਾਪਤ ਕਰਨ ਲਈ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਵਿਚ 90 ਕਿਲੋ ਯੂਰੀਆ ਪ੍ਰਤੀ ਏਕੜ ਤਿੰਨ ਬਰਾਬਰ ਕਿਸ਼ਤਾਂ ਵਿਚ ਪਾਓ । ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ 'ਤੇ ਪਾਓ । ਤੀਜੀ ਕਿਸ਼ਤ ਨੂੰ 35 ਦਿਨਾਂ ਵਿਚ ਮੁਕੰਮਲ ਕਰ ਦਿਓ । ਦੂਜੀ ਅਤੇ ਤੀਜੀ ਕਿਸ਼ਤ ਉਸ ਵੇਲੇ ਪਾਓ, ਜਦੋਂ ਖੇਤ ਵਿਚ ਪਾਣੀ ਖੜਾ ਨਾ ਹੋਵੇ । ਖਾਦ ਪਾਉਣ ਤੋਂ ਤੀਜੇ ਦਿਨ ਪਾਣੀ ਲਗਾ ਦਿਓ ।

# ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਕਰਕੇ ਪਾਣੀ ਬਚਾਓ ਅਤੇ ਖਰਚਾ ਘਟਾਓ

**ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਦੇ ਫਾਇਦੇ**

★ਪਾਣੀ ਦੀ ਬੱਚਤ ★ ਪਰਾਲ ਸੰਭਾਲਣ ਦੀ ਸੌਖ ★ ਲੇਬਰ ਦੀ ਬੱਚਤ

**ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਲਈ ਜ਼ਰੂਰੀ ਨੁਕਤੇ**

★ ਜ਼ਮੀਨ-ਦਰਮਿਆਨੀ ਤੋਂ ਭਾਰੀ।

★ ਝੋਨੇ ਦੀ ਸਿੱਧੀ ਬਿਜਾਈ ਉਹਨਾਂ ਖੇਤਾਂ



ਵਿਚ ਨਾ ਕਰੋ ਜਿੱਥੇ ਪਹਿਲਾਂ ਝੋਨੇ ਤੋਂ ਇਲਾਵਾ ਹੋਰ ਫਸਲਾਂ ਬੀਜੀਆਂ ਗਈਆਂ ਹੋਣ (ਜਿਵੇਂ ਨਰਮਾ, ਮੱਕੀ ਜਾਂ ਗੰਨਾ)।

★ ਖੇਤ ਨੂੰ ਲੇਜ਼ਰ ਕਰਾਹੇ ਨਾਲ ਵਧੀਆ ਢੰਗ ਨਾਲ ਪੱਧਰ ਕਰਨ ਉਪਰੰਤ ਇੱਕ ਤੋਂ ਦੋ ਵਾਰ ਤਵੀਆਂ ਨਾਲ ਚੰਗੀ ਤਰ੍ਹਾਂ ਵਾਹੋ।

**ਕਿਸਮਾਂ :**

★ **ਝੋਨਾ** : ਘੱਟ ਅਤੇ ਦਰਮਿਆਨਾ ਸਮਾਂ ਲੈ ਕੇ ਪੱਕਣ ਵਾਲੀਆਂ ਕਿਸਮਾਂ-ਪੀ ਆਰ 126 ਅਤੇ ਪੀ ਆਰ 131

★ **ਬਾਸਮਤੀ** : ਪੰਜਾਬ ਬਾਸਮਤੀ 7, ਪੂਸਾ ਬਾਸਮਤੀ 1718, ਪੂਸਾ ਬਾਸਮਤੀ 1121 ਅਤੇ ਪੂਸਾ ਬਾਸਮਤੀ 1509

**ਬਿਜਾਈ ਦਾ ਸਮਾਂ :**

★ **ਝੋਨਾ** : ਜੂਨ ਦਾ ਪਹਿਲਾ ਪੰਦਰਵਾੜਾ (1-15 ਜੂਨ)

★ **ਬਾਸਮਤੀ** : ਜੂਨ ਦਾ ਦੂਜਾ ਪੰਦਰਵਾੜਾ (15-30 ਜੂਨ)

**ਬੀਜ ਦੀ ਮਾਤਰਾ ਅਤੇ ਬੀਜਣ ਦਾ ਤਰੀਕਾ :**

★ "**ਲੱਕੀ ਸੀਡ ਡਰਿਲ**" ਨਾਲ 8-10 ਕਿਲੋ ਬੀਜ ਪ੍ਰਤੀ ਕਿੱਲਾ ਨੂੰ 1.25 ਤੋਂ 1.5 ਇੰਚ ਡੂੰਘਾਈ ਤੇ 20 ਸੈਂਟੀਮੀਟਰ ਦੀਆਂ ਕਤਾਰਾਂ ਵਿਚ ਤਰ ਵੱਤਰ ਵਿਧੀ ਨਾਲ ਬੀਜੋ।

★ ਬੀਜ ਨੂੰ 12 ਘੰਟਿਆਂ ਲਈ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (10 ਲੀਟਰ ਪਾਣੀ ਵਿਚ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ) ਵਿਚ ਭਿਉਂ ਕੇ , ਛਾਂਵੇਂ ਸੁਕਾ ਕੇ, 3 ਗ੍ਰਾਮ ਪ੍ਰਤੀ ਕਿਲੋ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੇਬ + ਕਾਰਬੈਂਡਾਜ਼ਿਮ) ਨਾਲ ਸੋਧ ਲਓ।

**ਨਦੀਨਾਂ ਦੀ ਰੋਕਥਾਮ :**

★ ਬਿਜਾਈ ਤੋਂ 2 ਦਿਨਾਂ ਦੇ ਅੰਦਰ-ਅੰਦਰ ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਵਿਚ ਪਾਓ। ਇਸ ਨਾਲ ਖੇਤ ਵਿੱਚੋਂ ਸਵਾਂਕ, ਮਧਾਣਾ, ਮਕੜਾ, ਤੱਕੜੀ ਘਾਹ ਅਤੇ ਹੋਰ ਛੋਟੇ ਬੀਜ ਵਾਲੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ 2-3 ਹਫਤਿਆਂ ਤੱਕ ਰੋਕਥਾਮ ਕੀਤੀ ਜਾ ਸਕਦੀ ਹੈ।

**ਸਿੰਚਾਈ :**

★ ਜੇਕਰ ਸਿੱਧੀ ਬਿਜਾਈ ਸੁੱਕੇ ਖੇਤ ਵਿਚ ਕੀਤੀ ਹੈ ਤਾਂ ਬਿਜਾਈ ਤੋਂ ਤੁਰੰਤ ਬਾਅਦ ਖੇਤ ਨੂੰ ਪਾਣੀ ਲਾ ਦਿਓ ਅਤੇ ਦੂਸਰਾ ਪਾਣੀ ਬਿਜਾਈ ਤੋਂ 4-5 ਦਿਨਾਂ ਬਾਅਦ ਲਗਾਓ।

★ ਜੇਕਰ ਸਿੱਧੀ ਬਿਜਾਈ ਤਰ ਵੱਤਰੇ ਖੇਤ ਵਿਚ ਕੀਤੀ ਹੈ ਤਾਂ ਖੇਤ ਨੂੰ ਪਹਿਲਾ ਪਾਣੀ ਤਕਰੀਬਨ 21 ਦਿਨਾਂ ਬਾਅਦ ਲਾਉ, ਉਸ ਤੋਂ ਬਾਅਦ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿਓ।

**ਅਮਿਤ ਕੌਲ, ਫਸਲ ਵਿਗਿਆਨ ਵਿਭਾਗ,**
**ਮੋਬਾਇਲ : 81464-00233**

## ਝੋਨੇ ਦੀ ਪਨੀਰੀ ਤਿਆਰ ਕਰਕੇ ਵੇਚਣੀ ਵੀ ਹਰ ਕਿਸੇ ਕਿਸਾਨ ਦੇ ਵੱਸ ਦੀ ਗੱਲ ਨਹੀਂ ਹੈ

# ਲਾਹੇਵੰਦ ਹੋ ਸਕਦਾ ਹੈ, ਝੋਨੇ ਦੀ ਪਨੀਰੀ ਵੇਚਣ ਦਾ ਕਾਰੋਬਾਰ

ਪੰਜਾਬ ਵਿਚ ਬਹੁਤ ਗਿਣਤੀ ਕਿਸਾਨ ਅਤੇ ਸਬਜ਼ੀ ਕਾਸ਼ਤਕਾਰ ਪਨੀਰੀ ਰਾਹੀਂ ਪੈਦਾ ਹੋਣ ਵਾਲੀਆਂ ਫਸਲਾਂ ਦੀ ਬਿਜਾਈ ਕਰਨ ਲਈ ਬਾਜਾਰ ਵਿਚੋਂ ਤਿਆਰ ਪਨੀਰੀ ਅਤੇ ਵੇਲਾਂ ਖਰੀਦ ਕੇ ਖੇਤਾਂ 'ਚ ਬੀਜਦੇ ਹਨ। ਜਿਵੇਂ ਕਿ ਬਾਗਬਾਨੀ ਨਾਲ ਸਬੰਧਤ ਬੂਟਿਆਂ ਦੀ ਕਲਮਾਂ, ਗਰਮੀ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਪਨੀਰੀ, ਕਈ ਕਿਸਮ ਦੇ ਕੱਦੂ ਜਾਤੀ ਦੀਆਂ ਤਿਆਰ ਵੇਲਾਂ ਕਿਸਾਨਾਂ ਨੂੰ ਬਾਜ਼ਾਰ ਵਿਚੋਂ ਮਿਲਦੀਆਂ ਹਨ।



ਇਸ ਤੋਂ ਬਿਨਾਂ ਮਿਰਚਾਂ, ਕਰੇਲੇ, ਗੋਭੀ, ਪਿਆਜ਼ ਆਦਿ ਵਰਗੀਆਂ ਬਹੁਤ ਸਾਰੀਆਂ ਅਜਿਹੀਆਂ ਕਿਸਮਾਂ ਹਨ, ਜਿਨ੍ਹਾਂ ਦੀ ਕਾਸ਼ਤ ਕਰਕੇ ਅੱਗੇ ਵੇਚਣ ਦਾ ਵਧੀਆ ਕਾਰੋਬਾਰ ਕੀਤਾ ਜਾ ਸਕਦਾ ਹੈ, ਜਿਸ ਨੂੰ ਕਰਨ ਵਾਸਤੇ ਕਿਸਾਨਾਂ ਨੂੰ ਜ਼ਿਆਦਾ ਮਿਹਨਤ ਨਹੀਂ ਕਰਨੀ ਪੈਂਦੀ ਪਰ ਇਹ ਕਾਰੋਬਾਰ ਵੀ ਸਬਜ਼ੀਆਂ ਦੀ ਤਰ੍ਹਾਂ ਮੌਸਮ 'ਤੇ ਨਿਰਭਰ ਕਰਦਾ ਹੈ। ਪੰਜਾਬ ਵਿਚ ਬਰਸਾਤਾਂ ਵਾਲਾ ਮੌਸਮ ਆਮ ਤੌਰ ਤੇ ਚਲਦਾ ਰਹਿੰਦਾ ਹੈ। ਜਿਸ ਕਰਕੇ ਕਈ ਇਲਾਕਿਆਂ ਅੰਦਰ ਦਰਿਆਵਾਂ, ਨਹਿਰਾਂ ਆਦਿ ਵਿਚ ਪਾਣੀ ਆਉਣ ਨਾਲ ਕੁਝ ਕੁ ਪ੍ਰਤੀਸ਼ਤ ਕਿਸਾਨਾਂ ਦੀ ਫਸਲ ਪਾਣੀ ਵਿਚ ਆ ਜਾਂਦੀ ਹੈ ਜਾਂ ਫਿਰ ਨੀਵੀਆਂ ਜ਼ਮੀਨਾਂ ਵਿਚ ਬਰਸਾਤ ਦਾ ਪਾਣੀ ਭਰਨ ਕਰਕੇ ਫਸਲ ਡੁੱਬ ਜਾਂਦੀ ਹੈ ਅਤੇ ਪੀੜਤ ਕਿਸਾਨਾਂ ਨੂੰ ਝੋਨਾ ਦੁਬਾਰਾ ਲਗਾਉਣਾ ਪੈਂਦਾ ਹੈ।

ਕਈ ਪਿੰਡਾਂ ਵਿਚ ਕਿਸਾਨ, ਜਿਨ੍ਹਾਂ ਕੋਲ ਵਾਧੂ ਝੋਨੇ ਪਨੀਰੀ ਖੜ੍ਹੀ ਹੁੰਦੀ ਹੈ, ਉਹ ਕਿਸਾਨਾਂ ਨੂੰ ਮੁਫਤ 'ਚ ਵੀ ਆਪਣੇ ਖੇਤ ਵਿਚੋਂ ਪੁਟਵਾ ਦਿੰਦੇ ਹਨ ਪਰ ਜਿਹੜੇ ਕਿਸਾਨ ਪਨੀਰੀ ਨੂੰ ਬਾਜ਼ਾਰ ਦੇ ਮੁਤਾਬਕ ਬੀਜਦੇ ਹਨ, ਉਹ ਪਨੀਰੀ ਮੁੱਲ ਦਿੰਦੇ ਹਨ। ਪੰਜਾਬ ਦੇ ਦਰਿਆਵਾਂ ਨੇੜੇ ਪੈਂਦੇ ਇਲਾਕਿਆਂ ਜਾਂ ਫਿਰ ਨੀਵੀਆਂ ਜ਼ਮੀਨਾਂ ਵਾਲੇ ਜ਼ਿਲਿਆਂ ਵਿਚ ਝੋਨੇ ਦੀ ਪਨੀਰੀ ਵੇਚਣ ਦਾ ਕਾਰੋਬਾਰ ਬਹੁਤ ਵੱਡੇ ਪੱਧਰ ਤੇ ਚੱਲਦਾ ਹੈ ਅਤੇ 25 ਤੋਂ 35 ਦਿਨਾਂ ਦੀ ਇਹ ਪਨੀਰੀ ਦੋਵੇਂ ਹੀ ਤਰ੍ਹਾਂ ਕਿਸਾਨਾਂ ਲਈ ਆਮਦਨ ਦਾ ਸਾਧਨ ਬਣਦੀ ਹੈ, ਕਿਉਂਕਿ ਜੀਰੀ ਮਰਨ ਵਾਲੇ ਕਿਸਾਨ ਨੂੰ ਸਮੇਂ ਸਿਰ ਝੋਨੇ ਦੀ ਪਨੀਰੀ ਮਿਲ ਗਈ ਅਤੇ ਪਨੀਰੀ ਬੀਜਣ ਵਾਲੇ ਕਿਸਾਨ ਨੂੰ ਆਮਦਨ ਹੋ ਗਈ।

ਇਕ ਏਕੜ 'ਚ ਝੋਨੇ ਦੀ ਪਨੀਰੀ ਤਿਆਰ ਕਰਨ ਲਈ ਤਕਰੀਬਨ 5 ਕੁਇੰਟਲ ਬੀਜ ਕਿਸਮਾਂ ਧਰਤੀ ਦੇ ਹਿਸਾਬ ਨਾਲ ਘੱਟ-ਵੱਧ ਹੋ ਸਕਦੀਆਂ ਹਨ। 10 ਕੁ ਹਜ਼ਾਰ ਦੀਆਂ ਖਾਦਾਂ/ਦਵਾਈਆਂ, ਪੰਜ ਹਜ਼ਾਰ ਰੁਪਏ ਜ਼ਮੀਨ ਤਿਆਰ ਕਰਵਾਈ ਆਦਿ 'ਤੇ ਮੋਟਾ ਜਿਹਾ ਖਰਚ ਆਉਂਦਾ ਹੈ। ਅੰਦਾਜ਼ਨ 75 ਤੋਂ ਲੱਖ ਰੁਪਏ ਏਕੜ 'ਚ ਪਨੀਰੀ ਤਿਆਰ ਹੁੰਦੀ ਹੈ। ਜਿਹੜੀ ਡੇਢ ਤੋਂ 2 ਲੱਖ ਰੁਪਏ ਤੱਕ ਵਿਕ ਸਕਦੀ ਹੈ ਅਤੇ ਸਬਜ਼ੀਆਂ ਵਾਂਗ ਕੀਮਤ ਵਧ ਜਾਵੇ ਤਾਂ ਇਕ ਦੋ ਮਹੀਨੇ 'ਚ ਹੀ ਵਾਰੇ-ਨਿਆਰੇ ਵੀ ਕਰ ਸਕਦੀ ਹੈ।

ਹੋਰ ਕੋਈ ਅਜਿਹਾ ਕਾਰੋਬਾਰ ਨਹੀਂ ਹੈ, ਜਿਹੜਾ 25 ਤੋਂ 35 ਦਿਨਾਂ 'ਚ ਹਜ਼ਾਰਾਂ ਰੁਪਏ ਦੀ ਆਮਦਨ ਦੇ ਸਕਦਾ ਹੋਵੇ ਪਰ ਸਬਜ਼ੀਆਂ ਦੀ ਪਨੀਰੀ ਅਤੇ ਫਸਲ ਦੀ ਤਰ੍ਹਾਂ ਝੋਨੇ ਦੀ ਪਨੀਰੀ ਤਿਆਰ ਕਰਕੇ ਵੇਚਣੀ ਵੀ ਹਰ ਕਿਸੇ ਕਿਸਾਨ ਦੇ ਵੱਸ ਦੀ ਗੱਲ ਨਹੀਂ ਹੈ, ਜੇਕਰ ਕਮਾਈ ਕਰਨੀ ਐਨੀ ਸੌਖੀ ਹੁੰਦੀ ਤਾਂ ਹਰ ਕਿਸਾਨ ਅਜਿਹਾ ਧੰਦੇ ਸ਼ੁਰੂ ਕਰ ਲੈਂਦਾ, ਜਿਹੜੇ ਕਿਸਾਨ ਲਗਾਤਾਰ ਇਕ ਹੀ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਦੇ ਕਿਸੇ ਸਾਲ ਪੈਸੇ ਪੂਰੇ ਹੀ ਹੁੰਦੇ ਹਨ ਪਰ ਕਿਸੇ ਸਾਲ ਸਾਰੇ ਘਾਟੇ-ਵਾਧੇ ਪੂਰੇ ਹੋ ਜਾਂਦੇ ਹਨ। ਕੁਦਰਤ ਦਾ ਇਹ ਨਿਯਮ ਹਰ ਕਿਤੇ ਲਾਗੂ ਹੁੰਦਾ ਹੈ। ਧਨੀਏ ਦੀ ਕਾਸ਼ਤ ਕਰਨ ਵਾਲੇ ਕਿਸੇ ਸਾਲ ਘਾਟੇਪਰ ਦੂਸਰੇ ਸਾਲ ਪੈਸੇ ਦੁੱਗਣੇ/ਤਿੱਗਣੇ, ਕਮਾਦ, ਆਲੂ, ਸਬਜ਼ੀ, ਪੋਲਟਰੀ, ਦੁਕਾਨਦਾਰੀ ਹਰ ਕਿਸੇ ਕਾਰੋਬਾਰ 'ਚ ਉਤਰਾਅ/ਚੜ੍ਹਾਅ ਆਉਂਦੇ ਰਹਿੰਦੇ ਹਨ। ਜਿਸ ਕਰਕੇ ਇਨਸਾਨ ਨੂੰ ਆਪਣੇ ਦਿਮਾਗ ਨਾਲ ਕਾਰੋਬਾਰ ਕਰਦੇ ਰਹਿਣਾ ਚਾਹੀਦਾ ਹੈ।

**ਬ੍ਰਿਸ਼ ਭਾਨ ਬੁਜਰਕ, ਕਾਹਨਗੜ੍ਹ ਰੋਡ, ਪਾਤੜਾਂ, ਜ਼ਿਲ੍ਹਾ ਪਟਿਆਲਾ**

# ਪੰਜਾਬ 'ਚ ਘਣੀ ਖੇਤੀ ਕਾਰਨ ਜ਼ਮੀਨ 'ਚ ਲਗਾਤਾਰ ਵਧ ਰਹੀ ਹੈ ਲਘੂ ਤੱਤਾਂ ਦੀ ਘਾਟ

ਪੰਜਾਬ ਦੇ ਕਿਸਾਨਾਂ ਵਲੋਂ ਵੱਧ ਮੁਨਾਫੇ ਦੀ ਹੋੜ 'ਚ ਲਗਾਤਾਰ ਫਸਲੀ ਘਣਤਾ ਵਿਚ ਕੀਤੇ ਜਾ ਰਹੇ ਵਾਧੇ ਕਾਰਨ, ਕਿਸੇ ਸਮੇਂ ਦੇਸ਼ ਦੀ ਸਭ ਤੋਂ ਜ਼ਿਆਦਾ ਜ਼ਰਖੇਜ਼ ਮੰਨੀ ਜਾਂਦੀ ਜ਼ਮੀਨ ਦੀ ਸਿਹਤ 'ਤੇ ਇਸ ਸਮੇਂ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ, ਕਿਉਂਕਿ ਸੂਬੇ ਦੇ ਬਹੁਤੇ ਖੇਤਰਾਂ ਵਿਚ ਲਘੂ ਤੱਤਾਂ ਦੀ ਘਾਟ ਦੇ ਸਪਸ਼ਟ ਸੰਕੇਤ ਦਿਸਣੇ ਸ਼ੁਰੂ ਹੋ ਗਏ ਹਨ। ਇਹ ਜਾਣਕਾਰੀ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀ ਮਨਦੀਪ ਸਿੰਘ, ਗਗਨਦੀਪ ਧਵਨ ਅਤੇ ਹਰਿੰਦਰ ਸਿੰਘ ਵਲੋਂ ਦਿੱਤੀ ਗਈ। ਵਰਨਣਯੋਗ ਹੈ ਜ਼ਮੀਨ ਦੀ ਲਗਾਤਾਰ ਵਿਗੜਦੀ ਜਾ ਰਹੀ ਸਿਹਤ ਲਈ ਭਾਵੇਂ ਖੇਤੀ ਵਿਗਿਆਨੀਆਂ ਵਲੋਂ ਕਿਸਾਨਾਂ ਨੂੰ ਲਗਾਤਾਰ ਚਿਤਾਵਨੀਆਂ ਜਾਰੀ ਕੀਤੀਆਂ ਜਾ ਰਹੀਆਂ ਹਨ, ਪਰ ਕਿਸਾਨ ਆਪਣੀ ਟੁੱਟ ਚੁੱਕੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਦੇ ਯਤਨ ਵਜੋਂ ਸਾਲ ਵਿਚ ਤਿੰਨ-ਤਿੰਨ ਫਸਲਾਂ ਬੀਜ ਰਹੇ ਹਨ ਤੇ ਇਸੇ ਕੜੀ ਤਹਿਤ ਪਿਛਲੇ ਦੋ ਤਿੰਨ ਸਾਲ ਤੋਂ ਤੀਜੀ ਫਸਲ ਵਜੋਂ ਮੱਕੀ ਦੀ ਕਾਸ਼ਤ ਨੂੰ ਜੋ ਬੜਾਵਾ ਮਿਲਿਆ ਹੈ, ਉਹ ਖੇਤੀ ਮਾਹਿਰਾਂ ਅਨੁਸਾਰ ਨਾ ਸਿਰਫ ਧਰਤੀ ਹੇਠਲੇ ਪਾਣੀ ਦੀ ਬਰਬਾਦੀ ਲਈ ਵੱਡਾ ਜਰੀਆ ਬਣ ਰਹੀ ਹੈ, ਸਗੋਂ ਮੱਕੀ ਜ਼ਮੀਨ ਦੀ ਸਿਹਤ 'ਤੇ ਇੰਨਾ ਮਾੜਾ ਪ੍ਰਭਾਵ ਪਾ ਰਹੀ ਹੈ ਕਿ ਅੱਗੋਂ ਬੀਜੀਆਂ ਜਾਣ ਵਾਲੀਆਂ ਫਸਲਾਂ ਦੇ ਝਾੜ ਵਿਚ ਅਣ ਕਿਆਸੀ ਕਮੀ ਆਵੇਗੀ।

ਖੇਤੀ ਵਿਗਿਆਨੀ ਡਾ. ਹਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਗਰਮ-ਖੰਡੀ ਅਰਧ-ਖੁਸ਼ਕ ਜਲਵਾਯੂ ਵਿਚ ਸਥਿਤ ਹੋਣ ਕਾਰਨ ਇਸ ਦੀ ਮਿੱਟੀ ਵਿਚ ਕੁਦਰਤੀ ਤੌਰ 'ਤੇ ਨਾਈਟਰੋਜਨ ਤੱਤ ਦੀ ਘਾਟ ਹੈ, ਜਿਸ ਕਾਰਨ ਮਿੱਟੀ ਦੀ ਗੁਣਵੱਤਾ ਵਿਚ ਸੁਧਾਰ ਕਰਨ ਅਤੇ ਫਸਲਾਂ ਦਾ ਚੰਗਾ ਝਾੜ ਲੈਣ ਲਈ ਜ਼ਮੀਨ ਵਿਚ ਜੈਵਿਕ ਪਦਾਰਥਾਂ ਦੀ ਮਾਤਰਾ ਨੂੰ ਵਧਾਉਣਾ ਜ਼ਰੂਰੀ ਹੈ, ਜਿਸ ਲਈ ਹਰੀ ਖਾਦ ਇਕ ਵਧੀਆ ਵਿਕਲਪ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਖੇਤਾਂ ਵਿਚ ਤੱਤਾਂ ਦੀ ਵਧੇਰੇ ਘਾਟ ਹੋਵੇ ਉਨ੍ਹਾਂ 'ਚ ਹਰੀ ਖਾਦ ਤੋਂ ਵੱਧ ਲਾਹਾ ਲੈਣ ਲਈ ਝੋਨੇ ਵਿਚ ਵਰਤੀ ਜਾਣ ਵਾਲੀ ਫਾਸਫੋਰਸ ਖਾਦ ਨੂੰ 75 ਕਿੱਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਹਰੀ ਖਾਦ ਦੀ ਬਿਜਾਈ ਵੇਲੇ ਹੀ ਖੇਤ ਵਿਚ ਪਾ ਦੇਣਾ ਚਾਹੀਦਾ ਹੈ।

### ਹਰੀ ਖਾਦ ਦੇ ਪੋਸ਼ਣ ਤੱਤ

ਹਰੀ ਖਾਦ ਵਿਚ ਨਾਈਟਰੋਜਨ ਦੀ ਮਾਤਰਾ 30-35 ਕਿਲੋ



ਪ੍ਰਤੀ ਏਕੜ ਹੁੰਦੀ ਹੈ। ਇਸ ਤੋਂ ਇਲਾਵਾ ਹਰੀ ਖਾਦ ਦੀਆਂ ਫਸਲਾਂ ਦੇ ਸੁੱਕੇ ਮਾਦੇ ਵਿਚ ਫਾਸਫੋਰਸ 0.15 ਤੋਂ 0.20 ਫੀਸਦੀ, ਪੁਟਾਸ਼ 1.5-2.0 ਫੀਸਦੀ ਅਤੇ ਲਘੂ ਤੱਤਾਂ 'ਚੋਂ ਜ਼ਿੰਕ 25-35 ਪੀ. ਪੀ. ਐਮ, ਤਾਂਬਾ 12-18, ਲੋਹਾ 280-320 ਅਤੇ ਮੈਗਜ਼ੀਨ 600-700 ਪੀ. ਪੀ. ਐਮ ਮੌਜੂਦ ਹੁੰਦੇ ਹਨ।

# ਝੋਨੇ ਦੀ ਸਿੱਧੀ ਬਿਜਾਈ ਦੇ ਨਾਲ ਪੈਸੇ ਅਤੇ ਸਮੇਂ ਦੀ ਬੱਚਤ

**ਕੱਦੂ ਕਰਕੇ ਝੋਨੇ ਦੀ ਕਾਸ਼ਤ ਲਈ ਮਜ਼ਦੂਰਾਂ ਦੀ ਉਪਲਬਧਤਾ, ਮਜ਼ਦੂਰੀ ਦੀ ਕੀਮਤ ਦਰ 'ਚ ਵਾਧਾ ਇਕ ਵੱਡੀ ਸਮੱਸਿਆ ਬਣ ਗਈ ਹੈ। ਸਮੇਂ ਸਿਰ ਮਜ਼ਦੂਰਾਂ ਦੀ ਉਪਲਬਧਤਾ ਨਾ ਹੋਣ ਕਰਕੇ ਝੋਨੇ ਦੀ ਲਵਾਈ ਵਿਚ ਦੇਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਤੋਂ ਇਲਾਵਾ ਕੱਦੂ ਕਰਨ ਲਈ ਲੋੜੀਂਦੀ ਊਰਜਾ ਵਿਚ ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ ਰੁਕਾਵਟ ਬਣ ਰਹੀਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਉਤਸ਼ਾਹਿਤ ਹਨ। ਸਿੱਧੀ ਬਿਜਾਈ ਵਿਧੀ ਨਾਲ ਝੋਨੇ ਦੀ ਬਿਜਾਈ ਸਮੇਂ ਸਿਰ, ਘੱਟ ਖਰਚੇ ਅਤੇ ਮਜ਼ਦੂਰਾਂ ਦੇ ਪਿੱਛੇ ਬਿਨਾਂ ਨੱਠ-ਭੱਜ ਤੋਂ ਕੀਤੀ ਜਾ ਸਕਦੀ ਹੈ। ਝੋਨੇ ਦੀ ਸਿੱਧੀ ਬਿਜਾਈ ਵਿਧੀ ਵਿਚ ਵੱਖ-ਵੱਖ ਖੇਤੀ ਕੰਮਾਂ ਨੂੰ ਸਹੀ ਸਮੇਂ, ਸਹੀ ਢੰਗ ਅਤੇ ਸਹੀ ਮਾਤਰਾ ਵਿਚ ਕਰਨਾ ਬਹੁਤ ਜ਼ਰੂਰੀ ਹੈ। ਖਾਸ ਕਰਕੇ ਨਦੀਨਾਂ ਦੀ ਰੋਕਥਾਮ ਕਰਨ ਲਈ ਨਦੀਨ ਦੀ ਪਹਿਚਾਣ, ਨਦੀਨਨਾਸ਼ਕ ਦੀ ਸਹੀ ਸਮੇਂ, ਸਹੀ ਮਾਤਰਾ ਅਤੇ ਸਹੀ ਛਿੜਕਾਅ ਦਾ ਤਰੀਕਾ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਵਿਚੋਂ ਕਿਸੇ ਵੀ ਖੇਤੀ ਕੰਮ ਵਿਚ ਗਲਤੀ ਹੋਣ ਦੀ ਸੰਭਾਵਨਾ 'ਚ ਇਸ ਦਾ ਅਸਰ ਝੋਨੇ ਦੀ ਪੈਦਾਵਾਰ 'ਤੇ ਪੈ ਸਕਦਾ ਹੈ। ਝੋਨੇ ਦੀ ਸਿੱਧੀ ਬਿਜਾਈ 'ਚ ਖੇਤੀ ਮਾਹਿਰਾਂ ਦੀ ਸਲਾਹ ਬਹੁਤ ਜ਼ਰੂਰੀ ਹੈ।**

ਜਗਜੋਤ ਸਿੰਘ ਗਿੱਲ,
ਜ਼ਿਲ੍ਹਾ ਪਸਾਰ ਵਿਗਿਆਨੀ, ਫਾਰਮ
ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ।



**ਢੁੱਕਵੀਆਂ ਕਿਸਮਾਂ** : ਝੋਨੇ ਦੀ ਸਿੱਧੀ ਬਿਜਾਈ ਲਈ ਘੱਟ ਅਤੇ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਠੀਕ ਹਨ।

**ਢੁੱਕਵੀਂ ਜ਼ਮੀਨ** : ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਝੋਨੇ ਦੀ ਸਿੱਧੀ ਬਿਜਾਈ ਲਈ ਢੁੱਕਵੀਆਂ ਹਨ। ਹਲਕੀਆਂ ਜ਼ਮੀਨਾਂ ਵਿਚ ਸਿੱਧੇ ਬੀਜੇ ਝੋਨੇ ਵਿਚ ਲੋਹੇ ਦੀ ਘਾਟ ਆ ਜਾਂਦੀ ਹੈ।

**ਬਿਜਾਈ ਦਾ ਸਮਾਂ** : ਝੋਨੇ ਦੀ ਸਿੱਧੀ ਬਿਜਾਈ ਜੂਨ ਦੇ ਪਹਿਲੇ ਪੰਦਰਵਾੜੇ ਵਿਚ ਕਰਨੀ ਚਾਹੀਦੀ ਹੈ।

**ਖੇਤ ਦੀ ਤਿਆਰੀ** : ਖੇਤ ਨੂੰ ਦੋ ਵਾਰ ਤਵੀਆਂ ਮਾਰ ਕੇ ਇਕ ਵਾਰ ਹਲਾਂ ਨਾਲ ਵਾਹੁਣ ਤੋਂ ਬਾਅਦ ਸੁਹਾਗਾ ਫੇਰਨਾ ਚਾਹੀਦਾ ਹੈ। ਇਸ ਤੋਂ ਬਾਅਦ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ। ਲੇਜ਼ਰ ਕਰਾਹੇ ਨਾਲ ਪੱਧਰਾ ਕਰਨ ਨਾਲ ਪਾਣੀ ਇਕਸਾਰ ਲੱਗਦਾ ਹੈ, ਜਿਸ ਨਾਲ ਪਾਣੀ ਦੀ ਬੱਚਤ ਦੇ ਨਾਲ-ਨਾਲ ਫਸਲ ਦਾ ਪੁੰਗਾਰਾ ਵੀ ਵਧੀਆ ਹੁੰਦਾ ਹੈ।

**ਬੀਜ ਦੀ ਮਾਤਰਾ** : ਇਕ ਏਕੜ ਦੀ ਬਿਜਾਈ ਲਈ 8-10 ਕਿਲੋਗ੍ਰਾਮ ਬੀਜ ਦੀ ਵਰਤੋਂ ਕਰੋ।

**ਬੀਜ ਦੀ ਸੋਧ** : ਬੀਜ ਨੂੰ 12 ਘੰਟੇ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (10 ਲੀਟਰ ਪਾਣੀ ਵਿਚ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ) ਵਿਚ ਭਿਉਂ ਕੇ ਰੱਖਣ ਤੋਂ ਬਾਅਦ ਛਾਵੇਂ ਸੁਕਾ ਕੇ, 3 ਗ੍ਰਾਮ ਸਪਰਿੰਟ 75 ਡਬਲਿਊ. ਐਸ. (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲੈਣਾ ਚਾਹੀਦਾ ਹੈ।

**ਬਿਜਾਈ ਦਾ ਢੰਗ** : ਝੋਨੇ ਦੀ ਸਿੱਧੀ ਬਿਜਾਈ ਤਰ-ਵੱਤਰ ਖੇਤ ਵਿਚ ਬੈੱਡਾਂ ਉੱਪਰ ਅਤੇ ਸੁੱਕੇ ਖੇਤ ਵਿਚ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਤਰ-ਵੱਤਰ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਲਈ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਨ ਤੋਂ ਬਾਅਦ ਕਿਆਰੇ ਪਾ ਕੇ ਰੌਣੀ ਕਰ ਦੇਣੀ ਚਾਹੀਦੀ ਹੈ। ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਖੇਤ ਨੂੰ ਹੋਛਾ ਵਾਹੁਣਾ ਚਾਹੀਦਾ ਹੈ। ਵਾਹੁਣ ਮਗਰੋਂ ਸੁਹਾਗੇ ਉੱਪਰ 3 ਮਿੱਟੀ ਦੀਆਂ ਬੋਰੀਆਂ ਰੱਖ ਕੇ 2-3 ਵਾਰ ਸੁਹਾਗਾ ਮਾਰੋ। ਸੁਹਾਗਾ ਮਾਰਨ ਤੋਂ ਤੁਰੰਤ ਬਾਅਦ ਡਰਿੱਲ ਨਾਲ 20 ਸੈਂਟੀਮੀਟਰ ਡੂੰਘੀ ਬਿਜਾਈ ਕਰੋ। ਝੋਨੇ ਦੀ ਸਿੱਧੀ ਬਿਜਾਈ ਲਈ ਖੇਤ ਦੀ ਤਿਆਰੀ ਅਤੇ ਬਿਜਾਈ ਦੁਪਹਿਰ ਸਮੇਂ ਨਾ ਕਰੋ। ਸਿੱਧੀ ਬਿਜਾਈ ਲਈ ਲੱਕੀ ਸੀਡ ਡਰਿੱਲ ਦੀ ਵਰਤੋਂ ਕਰੋ, ਜੋ ਬਿਜਾਈ ਦੇ ਨਾਲ-ਨਾਲ ਨਦੀਨਨਾਸ਼ਕ ਦਾ ਛਿੜਕਾਅ ਵੀ ਕਰਦੀ ਹੈ। ਲੱਕੀ ਸੀਡ ਡਰਿਲ ਨਾਲ ਕਰੰਡ ਦੀ ਸਮੱਸਿਆ ਬਹੁਤ ਘੱਟ ਆਉਂਦੀ ਹੈ ਅਤੇ ਖੇਤ ਵਿਚ ਨਮੀ ਜ਼ਿਆਦਾ ਸਮੇਂ ਤੱਕ ਬਰਕਰਾਰ ਰਹਿਣ ਕਰਕੇ ਨਦੀਨਾਂ ਦੀ ਰੋਕਥਾਮ ਵੀ ਜ਼ਿਆਦਾ ਚੰਗੀ ਤਰ੍ਹਾਂ ਹੁੰਦੀ ਹੈ। ਜੇਕਰ ਝੋਨੇ ਦੀ ਸਿੱਧੀ ਬਿਜਾਈ ਟੇਢੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਨਾਲ ਕੀਤੀ ਗਈ ਹੋਵੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਨਦੀਨਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ। ਤਰ-ਵੱਤਰ ਖੇਤੀ ਵਿਚ ਬੈੱਡਾਂ ਉੱਪਰ ਝੋਨੇ ਦੀ ਸਿੱਧੀ ਬਿਜਾਈ ਲਈ ਖੇਤ ਨੂੰ ਲੇਜ਼ਰ ਲੈਵਲ ਕਰਨ ਤੋਂ ਬਾਅਦ ਬੈੱਡ ਪਲਾਂਟਰ ਦੇ ਨਾਲ 67.5 ਸੈਂਟੀਮੀਟਰ ਚੌੜਾਈ ਵਾਲੇ ਬੈੱਡ (37.5 ਸੈਂਟੀਮੀਟਰ ਚੌੜੇ ਬੈੱਡ ਅਤੇ 30 ਸੈਂਟੀਮੀਟਰ ਚੌੜੀ ਖਾਲੀ) ਬਣਾਓ। ਇਸ ਤੋਂ ਬਾਅਦ ਖਾਲੀਆਂ ਵਿਚ ਪਾਣੀ ਲਾ ਦਿਓ। ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਜਿਸ ਬੈੱਡ ਪਲਾਂਟਰ ਨਾਲ ਬੈੱਡ ਬਣਾਏ ਸਨ, ਨਾਲ ਬਿਜਾਈ ਕਰ ਦਿਓ (2 ਕਤਾਰਾਂ ਪ੍ਰਤੀ ਬੈੱਡ) ਅਤੇ ਤੁਰੰਤ ਨਦੀਨਨਾਸ਼ਕ ਦਾ ਸਪਰੇਅ ਕਰ ਦਿਓ। ਬਿਜਾਈ ਦੁਪਹਿਰ ਸਮੇਂ ਨਾ ਕਰੋ। ਇਸ ਢੰਗ ਨਾਲ ਦੂਜੇ ਦੋ ਢੰਗਾਂ ਨਾਲੋਂ ਪਾਣੀ ਦੀ ਬੱਚਤ ਹੁੰਦੀ ਹੈ। ਸੁੱਕੇ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਡਰਿੱਲ ਨਾਲ 2-3 ਸੈਂਟੀਮੀਟਰ ਡੂੰਘਾਈ ਤੇ 20 ਸੈਂਟੀਮੀਟਰ ਦਰ ਕਤਾਰਾਂ ਵਿਚ ਵੀ ਕੀਤੀ ਜਾ ਸਕਦੀ ਹੈ। ਸੁੱਕੇ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਤੋਂ ਬਾਅਦ ਤੁਰੰਤ ਪਾਣੀ ਲਗਾ ਦੇਣਾ ਚਾਹੀਦਾ ਹੈ।

**ਨਦੀਨਾਂ ਦੀ ਰੋਕਥਾਮ** : ਸਿੱਧੇ ਬੀਜੇ ਝੋਨੇ 'ਚ ਨਦੀਨਾਂ ਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਸਿੱਧੀ-ਸਿੱਧੀ ਇਹ ਪਹਿਚਾਣ ਹੋਣੀ ਚਾਹੀਦੀ ਹੈ, ਨਦੀਨ ਘਾਹ ਰੂਪੀ ਹੈ ਜਾਂ ਚੌੜੀ ਪੱਤੀ ਵਾਲਾ। ਘਾਹ ਰੂਪੀ ਨਦੀਨਾਂ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਵੱਖ-ਵੱਖ ਨਦੀਨਨਾਸ਼ਕ ਹਨ। ਸਿੱਧੇ ਬੀਜੇ ਝੋਨੇ ਵਿਚ ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਮੋਥਾ, ਗੁੜਤ ਮਧਾਣਾ, ਲੈਪਟੋਕਲੋਆ ਘਾਹ, ਚਿੜੀ ਘਾਹ, ਤੱਕੜੀ ਘਾਹ ਅਤੇ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਇੱਟਸਿੱਟ ਆਦਿ ਨਦੀਨ ਹੋ ਸਕਦੇ ਹਨ। ਇਸ ਲਈ ਨਦੀਨਾਂ ਦੀ ਕਿਸਮ ਮੁਤਾਬਿਕ ਨਦੀਨ ਨਾਸ਼ਕ ਦੀ ਚੋਣ ਕਰਨ ਦੀ ਲੋੜ ਹੈ। ਨਦੀਨਾਂ ਦੀ ਰੋਕਥਾਮ ਲਈ ਤਰ-ਵੱਤਰ ਵਾਲੀ ਹਾਲਤ ਵਿਚ ਝੋਨੇ ਦੀ ਸਿੱਧੀ ਬਿਜਾਈ ਤੋਂ ਤੁਰੰਤ ਬਾਅਦ ਅਤੇ ਸੁੱਕੀ ਬਿਜਾਈ ਤੋਂ 2 ਦਿਨਾਂ ਦੇ ਅੰਦਰ ਵੱਤਰ ਖੇਤ ਵਿਚ ਸਟੌਂਪ / ਬੰਕਰ 30 ਈ. ਸੀ. (ਪੈਂਡੀਮੈਥਾਲਿਨ) 1.0 ਲੀਟਰ ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਬਿਜਾਈ ਤੋਂ 15-25 ਦਿਨਾਂ ਬਾਅਦ ਨਦੀਨ ਦੀ ਕਿਸਮ ਮੁਤਾਬਿਕ ਨਦੀਨ ਨਾਸ਼ਕ ਦੀ ਵਰਤੋਂ ਕਰੋ। ਜੇਕਰ ਝੋਨੇ ਵਿਚ ਸਵਾਂਕ, ਸਵਾਂਕੀ ਅਤੇ ਝੋਨੇ ਦੇ ਮੋਥੇ ਹੋਣ ਤਾਂ 100 ਮਿਲੀਲੀਟਰ ਪ੍ਰਤੀ ਏਕੜ ਨੌਮਨੀਗੋਲਡ 10 ਐਸ. ਸੀ. (ਬਿਸਪਾਇਰੀਬੈਕ) ਨਦੀਨ ਨਾਸ਼ਕ ਨੂੰ 150 ਲੀਟਰ ਪਾਣੀ ਵਿਚ ਘੋਲ ਕੇ ਨਦੀਨ ਦੀ 2-4 ਪੱਤਿਆਂ ਦੀ ਅਵਸਥਾ 'ਤੇ ਛਿੜਕਾਅ ਕਰੋ। ਇਸ ਤਰ੍ਹਾਂ ਜੇਕਰ ਫਸਲ ਵਿਚ ਘਾਹ ਵਾਲੇ ਨਦੀਨ ਜਿਵੇਂ ਚਿੜੀ ਘਾਹ, ਚੀਨੀ ਘਾਹ, ਤੱਕੜੀ ਘਾਹ ਅਤੇ ਗੁੜਤ ਮਧਾਣਾ ਜਿਹੇ ਨਦੀਨ ਹੋਣ ਤਾਂ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ. ਸੀ. (ਫਿਨੋਕਸਾਪ੍ਰੋਪ) ਨੂੰ 150 ਲੀਟਰ ਪਾਣੀ ਵਿਚ ਘੋਲ ਕੇ ਨਦੀਨ ਦੀ 2-4 ਪੱਤਿਆਂ ਦੀ ਅਵਸਥਾ 'ਤੇ ਛਿੜਕਾਅ ਕਰੋ। ਗੰਢੀ ਵਾਲਾ ਮੋਥਾ, ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਫਸਲ ਵਿਚ ਮੌਜੂਦਗੀ ਹੋਵੇ ਤਾਂ 8 ਗ੍ਰਾਮ ਪ੍ਰਤੀ ਏਕੜ ਐਲਮਿਕਸ 20 ਡਬਲਿਊ. ਪੀ. (ਮੈਟਸਲਫੂਰਾਨ + ਕਲੋਰੀਮਿਊਰਾਨ) ਨੂੰ 150 ਲੀਟਰ ਪਾਣੀ ਵਿਚ ਘੋਲ ਕੇ ਨਦੀਨ ਦੀ 2-4 ਪੱਤਿਆਂ ਦੀ ਅਵਸਥਾ 'ਤੇ ਛਿੜਕਾਅ ਕਰੋ। ਜੇਕਰ ਫਸਲ ਵਿਚ ਸਵਾਂਕ, ਸਵਾਂਕੀ, ਚੀਨੀ ਘਾਹ, ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨ ਹੋਣ ਤਾਂ 900 ਮਿਲੀਲੀਟਰ ਪ੍ਰਤੀ ਏਕੜ ਵਿਵਾਇਆ 6 ਓਡੀ. (ਪਿਨੋਕਸੁਲਮ 1.02 ਫੀਸਦੀ + ਸਾਈਹੈਲੋਫੋਪ 5.1 ਫੀਸਦੀ) ਨੂੰ 150 ਲੀਟਰ ਪਾਣੀ ਵਿਚ ਘੋਲ ਕੇ ਨਦੀਨ ਦੀ 1-2 ਪੱਤਿਆਂ ਦੀ ਅਵਸਥਾ 'ਤੇ ਛਿੜਕਾਅ ਕਰਨਾ ਚਾਹੀਦਾ ਹੈ। ਜੇਕਰ ਝੋਨੇ ਵਿਚ ਸਵਾਂਕ, ਸਵਾਂਕੀ, ਮਧਾਣਾ, ਮੱਕੜਾ, ਚੀਨੀ ਘਾਹ, ਗੰਢੀ ਵਾਲਾ ਮੋਥਾ, ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨ ਹੋਣ ਤਾਂ 90 ਗ੍ਰਾਮ ਪ੍ਰਤੀ ਏਕੜ ਕੌਂਸਲ ਐਕਟਿਵ 30 ਡਬਲਯੂ. ਜੀ. (ਟਰਾਇਆਫੈਮੋਨ 20 ਫੀਸਦੀ + ਈਥੌਕਸੀਸਲਫੂਰਾਨ 10 ਫੀਸਦੀ) ਨੂੰ 150 ਲੀਟਰ ਪਾਣੀ ਪ੍ਰਤੀ ਏਕੜ ਵਿਚ ਘੋਲ ਕੇ ਨਦੀਨ ਦੀ 1-2 ਪੱਤਿਆਂ ਦੀ ਅਵਸਥਾ 'ਤੇ ਛਿੜਕਾਅ ਕਰਨਾ ਚਾਹੀਦਾ ਹੈ। ਨਦੀਨਨਾਸ਼ਕਾਂ ਦਾ ਛਿੜਕਾਅ ਵੱਤਰ ਖੇਤ ਵਿਚ ਕਰੋ ਅਤੇ ਇਸ ਤੋਂ ਬਾਅਦ ਇਕ ਹਫਤੇ ਲਈ ਖੇਤ ਨੂੰ ਵੱਤਰ ਸਥਿਤੀ ਵਿਚ ਰੱਖੋ। ਜੇਕਰ ਨਦੀਨਨਾਸ਼ਕਾਂ ਦੇ ਛਿੜਕਾਅ ਕਰਨ ਤੋਂ ਬਾਅਦ ਕੁਝ ਨਦੀਨ ਬਚ ਜਾਂਦੇ ਹਨ ਤਾਂ ਉਨ੍ਹਾਂ ਨਦੀਨਾਂ ਨੂੰ ਹੱਥ ਨਾਲ ਪੁੱਟ ਦਿਉ। ਨਦੀਨਨਾਸ਼ਕਾਂ ਦਾ ਛਿੜਕਾਅ ਕਰਨ ਲਈ ਫਲੈਟਫੈਨ ਜਾਂ ਫਲੱਡ ਜੈਟ ਨੋਜ਼ਲ ਦੀ ਵਰਤੋਂ ਕਰੋ। ਬਿਜਾਈ ਸਮੇਂ ਫਲੈਟਫੈਨ ਜਾਂ ਫਲੱਡ ਜੈਟ ਨੋਜ਼ਲ ਦੀ ਵਰਤੋਂ ਕਰੋ ਅਤੇ ਖੜ੍ਹੀ ਫਸਲ ਵਿਚ ਫਲੈਟਫੈਨ ਨੋਜ਼ਲ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਨਦੀਨਨਾਸ਼ਕ ਦਾ ਛਿੜਕਾਅ ਕਰਦੇ ਸਮੇਂ ਨੋਜ਼ਲ ਨੂੰ ਇੱਧਰ-ਉੱਧਰ ਨਾ ਘੁੰਮਾਓ ਅਤੇ ਛਿੜਕਾਅ ਸਿੱਧੀ ਪੱਟੀ ਵਿਚ ਕਰੋ।



**ਖਾਦਾਂ ਦੀ ਵਰਤੋਂ** : ਸਿੱਧੇ ਬੀਜੇ ਝੋਨੇ ਵਿਚ 130 ਕਿਲੋ ਯੂਰੀਆ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਯੂਰੀਆ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਕੇ ਬਿਜਾਈ ਤੋਂ 4, 6 ਅਤੇ 9 ਹਫਤਿਆਂ ਬਾਅਦ ਪਾਉ। ਫਾਸਫੋਰਸ ਅਤੇ ਪੋਟਾਸ਼ ਤੱਤਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ 'ਤੇ ਕਰੋ।

**ਸਿੰਚਾਈ** : ਤਰ-ਵੱਤਰ ਖੇਤ ਵਿਚ ਬੀਜੇ ਝੋਨੇ ਨੂੰ ਪਹਿਲਾ ਪਾਣੀ ਬਿਜਾਈ ਤੋਂ ਤਕਰੀਬਨ 21 ਦਿਨਾਂ ਬਾਅਦ ਅਤੇ ਅਗਲੇ ਪਾਣੀ ਜ਼ਮੀਨ ਦੀ ਕਿਸਮ ਅਨੁਸਾਰ 5-7 ਦਿਨਾਂ ਦੇ ਵਕਫੇ 'ਤੇ ਲਗਾਉ। ਸੁੱਕੇ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਦੇ ਤੁਰੰਤ ਬਾਅਦ ਪਾਣੀ ਲਗਾਉ। ਦੂਜਾ ਪਾਣੀ 4-5 ਦਿਨਾਂ ਬਾਅਦ ਅਤੇ ਅਗਲੇ ਪਾਣੀ ਜ਼ਮੀਨ ਦੀ ਕਿਸਮ ਅਨੁਸਾਰ 5-7 ਦਿਨਾਂ ਦੇ ਵਕਫੇ 'ਤੇ ਲਗਾਉ।



# ਸਫਲ ਮੱਖੀ ਪਾਲਣ ਲਈ ਬਕਸਿਆਂ ਦੀ ਸਾਂਭ-ਸੰਭਾਲ

ਗਾਰਗੀ ਸ਼ਰਮਾ, ਇੰਦਰਪਾਲ ਕੌਰ, ਸੋਨਿਕ ਸ਼ਰਮਾ,
ਡੀ. ਏ. ਵੀ. ਯੂਨੀਵਰਸਿਟੀ, ਜਲੰਧਰ ਮੋਬਾਈਲ : 8968615353

**ਸ਼ਹਿਦ ਦੀਆਂ ਮੱਖੀਆਂ ਛੱਤੇ ਦੇ ਅੰਦਰ ਤਾਪਮਾਨ ਅਤੇ ਨਮੀਂ ਨੂੰ ਨਿਯੰਤ੍ਰਿਤ ਕਰਦੀਆਂ ਹਨ ਤਾਂ ਜੋ ਬੱਚੇ ਪਾਲਣ ਅਤੇ ਭੋਜਨ ਭੰਡਾਰ ਲਈ ਅਨੁਕੂਲ ਮਾਹੌਲ ਬਣਾਇਆ ਜਾ ਸਕੇ । ਉੱਚ ਤਾਪਮਾਨ ਮਧੂਮੱਖੀਆਂ ਦੇ ਬੱਚਿਆਂ ਦੇ ਬੱਚਿਆਂ (ਬਰੂਡ) ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ । ਜਦ ਕਿ ਘੱਟ ਤਾਪਮਾਨ ਬਰੂਡ ਪਾਲਨ ਅਤੇ ਸ਼ਹਿਦ ਦੇ ਉਤਪਾਦਨ ਨੂੰ ਹੌਲੀ ਕਰ ਸਕਦਾ ਹੈ । ਇਸੇ ਤਰ੍ਹਾਂ ਉੱਚ ਨਮੀਂ ਦੇ ਪੱਧਰ ਛੱਤੇ ਦੇ ਅੰਦਰ ਉੱਲੀ ਦੇ ਵਿਕਾਸ ਨੂੰ ਵਧਾ ਸਕਦੇ ਹਨ । ਜਦੋਂ ਕਿ ਘੱਟ ਨਮੀ ਡੀਹਾਈਡਰੇਸ਼ਨ ਅਤੇ ਸ਼ਹਿਦ ਬਣਨ ਦੀ ਕਿਰਿਆ ਵਿਚ ਮੁਸ਼ਕਿਲਾਂ ਦਾ ਕਾਰਨ ਬਣ ਸਕਦੀ ਹੈ । ਤਾਪਮਾਨ ਅਤੇ ਨਮੀ ਵਿਚਕਾਰ ਸੰਤੁਲਨ ਬਣਾਈ ਰੱਖਣਾ ਮਧੂ-ਮੱਖੀਆਂ ਦੀ ਕਲੋਨੀ ਦੀ ਸਮੁੱਚੀ ਭਾਲਾਈ ਲਈ ਜ਼ਰੂਰੀ ਹੈ ।**

ਮਧੂ ਮੱਖੀ ਇਕ ਸਮਾਜਿਕ ਕੀਟ ਹੈ ਜੋ ਕਿ ਇਕ ਛੱਤਾ ਬਣਾਕੇ ਕਾਲੋਨੀ ਦੇ ਰੂਪ ਵਿਚ ਰਹਿੰਦੀਆਂ ਹਨ, ਇਸੇ ਲਈ ਛੱਤਾ ਉਹਨਾਂ ਦੇ ਜੀਵਨ ਕਾਲ ਅਤੇ ਸਹੀ ਢੰਗ ਨਾਲ ਕੰਮ ਕਰਨ ਵਿਚ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਅੱਜ ਕੱਲ ਮਧੂਮੱਖੀ ਪਾਲਣ ਇੱਕ ਬਹੁਤ ਹੀ ਮਹੱਤਵਪੂਰਨ ਕਿੱਤਾ ਬਣਦਾ ਜਾ ਰਿਹਾ ਹੈ । Apis Mellifera ਮਧੂਮੱਖੀਆਂ ਪੰਜਾਬ ਵਿਚ ਪਾਲੀਆਂ ਜਾਂਦੀਆਂ ਹਨ ਜੋ ਸਮਾਂਤਰ ਛੱਤੇ ਬਣਾ ਕੇ ਰਹਿੰਦੀਆਂ ਹਨ । ਇਸੇ ਲਈ ਇਹਨਾਂ ਨੂੰ ਨਕਲੀ ਛੱਤੇ ਬਣਾ ਕੇ ਇਕ ਬਕਸੇ ਵਿਚ ਪਾ ਲਿਆ ਜਾਂਦਾ ਹੈ । ਇਕ ਬਕਸੇ ਤੋਂ ਜ਼ਿਆਦਾ ਬਕਸੇ ਬਣਾਉਣ



ਲਈ ਫਰੇਮਾਂ ਨੂੰ ਬਕਸੇ ਵਿੱਚੋਂ ਕੱਢ ਕੇ ਨਵੇਂ ਬਕਸੇ ਵਿਚ ਰੱਖਿਆ ਜਾਂਦਾ ਹੈ ਜਿੱਥੇ ਰਹਿ ਕੇ ਉਹ ਆਪਣੀ ਗਿਣਤੀ ਵਧਾ ਸਕਦੀਆਂ ਹਨ ਅਤੇ ਸ਼ਹਿਦ ਬਣਾ ਸਕਦੀਆਂ ਹਨ । L. Langstroth ਦੀ ਖੋਜ ਦੇ ਅਨੁਸਾਰ ਸਫਲ ਮਧੂਮੱਖੀ ਪਾਲਣ ਲਈ ਛੱਤੇ ਦੀ ਸਾਂਭ ਸੰਭਾਲ ਅਤੇ ਸਫਾਈ ਬਹੁਤ ਜ਼ਰੂਰੀ ਹੈ । ਛੱਤੇ ਨੂੰ ਪ੍ਰਤੀ ਸੀਜ਼ਨ ਨਿਰੀਖਣ ਅਤੇ ਸਫਾਈ ਦੀ ਲੋੜ ਹੁੰਦੀ ਹੈ । ਜੇਕਰ ਛੱਤੇ ਦੀ ਸਫਾਈ ਨਾ ਕੀਤੀ ਜਾਵੇ ਤਾਂ ਕੀੜੇ, ਪੰਛੀ ਅਤੇ ਚੂਹਿਆਂ ਦੇ ਹਮਲਿਆਂ 'ਚ ਵਾਧਾ ਹੋ ਸਕਦਾ ਹੈ, ਜਿਸ ਨਾਲ ਛੱਤੇ ਦਾ ਨੁਕਸਾਨ ਹੋ ਜਾਂਦਾ ਹੈ । ਸ਼ਹਿਦ ਦੀ ਮਾਤਰਾ ਘੱਟ ਸਕਦੀ ਹੈ ਅਤੇ ਇਸ ਦੇ ਫਲ ਸਰੂਪ ਆਰਥਿਕ ਨੁਕਸਾਨ ਦਾ ਸੰਕਟ ਬਣਿਆ ਰਹਿੰਦਾ ਹੈ । ਸ਼ਹਿਦ ਦੀਆਂ ਮੱਖੀਆਂ ਦੇ ਨੁਕਸਾਨ ਦੀ ਤੀਬਰਤਾ ਨੂੰ ਬਣਾਉਣ ਲਈ ਛੱਤੇ ਦੇ ਬਾਹਰਲੇ ਅਤੇ ਅੰਦਰਲੇ ਹਿੱਸੇ ਨੂੰ ਸਾਫ ਕਰਨਾ ਜ਼ਰੂਰੀ ਹੈ । ਸ਼ਹਿਦ ਦੀਆਂ ਮੱਖੀ ਦੇ ਛੱਤੇ ਦਾ ਨਿਰੀਖਣ ਤੇ ਸਾਂਭ ਸੰਭਾਲ ਵਿਚ ਕਲੋਨੀ ਦੀ ਸਿਹਤ ਅਤੇ ਉਤਪਾਦਕਤਾ ਨੂੰ ਯਕੀਨੀ ਬਣਾਉਣ ਲਈ ਕਈ ਕਦਮ ਸ਼ਾਮਿਲ ਹੁੰਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ :

## ਬਕਸੇ ਦੀ ਸਾਂਭ-ਸੰਭਾਲ

ਆਪਣੇ ਬਕਸੇ ਲਈ ਢੁੱਕਵੀਂ ਥਾਂ ਚੁਣਨੀ ਚਾਹੀਦੀ ਹੈ । ਇਹ ਅਜਿਹੀ ਥਾਂ ਤੇ ਹੋਣੇ ਚਾਹੀਦੇ ਹਨ ਜਿੱਥੇ ਸਵੇਰ ਦੀ ਧੁੱਪ, ਦੁਪਹਿਰ ਦੀ ਛਾਂ ਅਤੇ ਤੇਜ਼ ਹਵਾਵਾਂ ਤੋਂ ਸੁਰੱਖਿਆ ਹੋਵੇ । ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਪਾਣੀ ਦਾ ਸ੍ਰੋਤ ਨੇੜੇ ਹੋਵੇ ਅਤੇ ਬਹੁਤ ਸਾਰੇ ਫੁੱਲ ਵਾਲੇ ਬੂਟੇ ਹੋਣ, ਬਕਸੇ ਵਿਚ ਕਿਸੇ ਵੀ ਤਰ੍ਹਾਂ ਦੀ ਟੁੱਟ-ਭੱਜ ਨਹੀਂ ਹੋਣੀ ਚਾਹੀਦੀ ਹੈ। ਲੋੜ ਅਨੁਸਾਰ ਖਰਾਬ ਹੋਏ ਹਿੱਸਿਆਂ ਦੀ ਮੁਰੰਮਤ ਕਰਨੀ ਚਾਹੀਦੀ ਹੈ ।

## ਤਾਪਮਾਨ ਅਤੇ ਨਮੀ ਮਧੂ ਮੱਖੀ ਦੇ ਛੱਤੇ ਨੂੰ ਕਿਵੇ ਪ੍ਰਭਾਵਿਤ ਕਰਦਾ ਹੈ ?

ਸ਼ਹਿਦ ਦੀਆਂ ਮੱਖੀਆਂ ਛੱਤੇ ਦੇ ਅੰਦਰ ਤਾਪਮਾਨ ਅਤੇ ਨਮੀਂ ਨੂੰ ਨਿਯੰਤ੍ਰਿਤ ਕਰਦੀਆਂ ਹਨ ਤਾਂ ਜੋ ਬੱਚੇ ਪਾਲਣ ਅਤੇ ਭੋਜਨ ਭੰਡਾਰ ਲਈ ਅਨੁਕੂਲ ਮਾਹੌਲ ਬਣਾਇਆ ਜਾ ਸਕੇ । ਉੱਚ ਤਾਪਮਾਨ ਮਧੂਮੱਖੀਆਂ ਦੇ ਬੱਚਿਆਂ ਦੇ ਬੱਚਿਆਂ (ਬਰੂਡ) ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ । ਜਦ ਕਿ ਘੱਟ ਤਾਪਮਾਨ ਬਰੂਡ ਪਾਲਨ ਅਤੇ ਸ਼ਹਿਦ ਦੇ ਉਤਪਾਦਨ ਨੂੰ ਹੌਲੀ ਕਰ ਸਕਦਾ ਹੈ । ਇਸੇ ਤਰ੍ਹਾਂ ਉੱਚ ਨਮੀਂ ਦੇ ਪੱਧਰ ਛੱਤੇ ਦੇ ਅੰਦਰ ਉੱਲੀ ਦੇ ਵਿਕਾਸ ਨੂੰ ਵਧਾ ਸਕਦੇ ਹਨ । ਜਦੋਂ ਕਿ ਘੱਟ ਨਮੀ ਡੀਹਾਈਡਰੇਸ਼ਨ ਅਤੇ ਸ਼ਹਿਦ ਬਣਨ ਦੀ ਕਿਰਿਆ ਵਿਚ ਮੁਸ਼ਕਿਲਾਂ ਦਾ ਕਾਰਨ ਬਣ ਸਕਦੀ ਹੈ । ਤਾਪਮਾਨ ਅਤੇ ਨਮੀ ਵਿਚਕਾਰ ਸੰਤੁਲਨ ਬਣਾਈ ਰੱਖਣਾ ਮਧੂ ਮੱਖੀਆਂ ਦੀ ਕਲੋਨੀ ਦੀ ਸਮੁੱਚੀ ਭਾਲਾਈ ਲਈ ਜ਼ਰੂਰੀ ਹੈ ।

ਇਕ ਮਧੂਮੱਖੀ ਪਾਲਕ ਮਧੂਮੱਖੀ ਲਈ ਸਿਹਤਮੰਦ ਵਾਤਾਵਰਨ ਨੂੰ ਯਕੀਨੀ ਬਣਾਉਣ ਲਈ ਕਈ ਤਰੀਕਿਆਂ ਦੁਆਰਾ ਵਿਚ ਤਾਪਮਾਨ ਅਤੇ ਨਮੀ ਨੂੰ ਬਰਕਰਾਰ ਰੱਖ ਸਕਦਾ ਹੈ, ਜੋ ਉਹਨਾਂ ਦੇ ਬਚਾਅ ਅਤੇ ਉਤਪਾਦਕਤਾ ਲਈ ਮਹੱਤਵਪੂਰਨ ਹੈ, ਜਿਸ ਵਿਚ ਹੇਠ ਲਿਖੇ ਉਪਾਅ ਕੀਤੇ ਜਾ ਸਕਦੇ ਹਨ ।

★ ਇਸ ਲਈ ਸਭ ਤੋਂ ਪਹਿਲਾਂ ਛੱਤੇ ਦੀ ਸਥਿਤੀ ਇਕ ਅਨਿਖੜਵੀ ਭੂਮਿਕਾ ਅਦਾ ਕਰਦੀ ਹੈ । ਚੜ੍ਹਦੇ ਸੂਰਜ ਦੀਆਂ ਕਿਰਨਾਂ ਨੂੰ ਪ੍ਰਾਪਤ ਕਰਨ ਲਈ ਬਕਸੇ ਦੇ ਪ੍ਰਵੇਸ਼ ਦੁਆਰ ਦਾ ਮੂੰਹ ਪੂਰਬ ਜਾਂ ਦੱਖਣ ਪੂਰਬ ਵੱਲ ਹੋਣਾ ਚਾਹੀਦਾ ਹੈ ।

★ ਹਾਈਗ੍ਰੋਮੀਟਰ ਅਤੇ ਥੇਰਮੋਮੀਟਰ ਦੀ ਵਰਤੋਂ ਕਰਦੇ ਹੋਏ ਛੱਤੇ ਦਾ ਤਾਪਮਾਨ ਅਤੇ ਨਮੀ ਦੇ ਪੱਧਰਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਨਾਲ ਮਧੂਮੱਖੀ ਪਾਲਕ ਨੂੰ ਸਮੇਂ ਸਿਰ ਕਾਰਵਾਈ ਕਰਨ ਵਿਚ ਮਦਦ ਮਿਲ ਸਕਦੀ ਹੈ । ਇਕ ਮਧੂ ਮੱਖੀ ਦੇ ਛੱਤੇ ਅੰਦਰ ਆਦਰਸ਼ ਤਾਪਮਾਨ ਲਗਭਗ $95^0$F ਅਤੇ ਨਮੀ ਦਾ ਪੱਧਰ 50-60% ਦੇ ਆਸ-ਪਾਸ ਰੱਖਿਆ ਜਾਣਾ ਚਾਹੀਦਾ ਹੈ ।

ਇਹਨਾਂ ਕਾਰਨਾਂ ਦਾ ਧਿਆਨ ਸਿਰ ਪ੍ਰਬੰਧਨ ਕਰਨ ਨਾਲ ਮਧੂਮੱਖੀ ਪਾਲਕ ਛੱਤੇ ਦੇ ਅੰਦਰ ਇਕ ਸਥਿਰ ਵਾਤਾਵਰਨ ਬਣਾ ਸਕਦੇ ਹਨ ਅਤੇ ਮਧੂਮੱਖੀਆਂ ਦੀ ਵਧਣ ਫੁੱਲਣ ਅਤੇ ਸ਼ਹਿਦ ਪੈਦਾ ਕਰਨ ਦੀ ਸਮਰੱਥਾ ਨੂੰ ਵਧਾ ਸਕਦੇ ਹਨ ।

## ਬਦਲਦੇ ਮੌਸਮ ਦਾ ਪ੍ਰਭਾਵ

★ ਸਰਦੀਆਂ ਦਾ ਮੌਸਮ ਮਧੂਮੱਖੀਆਂ ਲਈ ਚੁਣੌਤੀ ਪੂਰਨ ਹੁੰਦਾ ਹੈ । ਇਸ ਮੌਸਮ ਵਿਚ ਉਹਨਾਂ ਕੋਲ ਰਸ ਅਤੇ ਪਰਾਗ ਦੀ ਕਮੀ ਹੋ ਜਾਂਦੀ ਹੈ । ਇਸ ਮੌਸਮ ਵਿਚ ਮਧੂਮੱਖੀਆਂ ਉਦੋਂ ਤੱਕ ਬਾਹਰ ਨਹੀਂ ਨਿਕਲ ਪਾਉਂਦੀਆਂ ਜਦ ਤੱਕ ਬਾਹਰ ਦਾ ਤਾਪਮਾਨ $15^0$C ਤੋ ਵੱਧ ਨਾ ਹੋਵੇ । ਇਸ ਮੌਸਮ ਵਿਚ ਉਹ ਆਪਣੇ ਬਕਸਿਆਂ ਤੋਂ ਘੱਟ ਹੀ ਬਾਹਰ ਨਿਕਲਦੀਆਂ ਹਨ ਅਤੇ ਇਕੱਠਾ ਕੀਤਾ ਭੋਜਨ ਹੀ ਖਾਂਦੀਆਂ ਹਨ । ਇਸ ਦੌਰਾਨ ਉਹਨਾਂ ਦੇ ਬਕਸਿਆਂ ਦਾ ਤਾਪਮਾਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਇਸ ਲਈ ਬਕਸੇ ਦੇ ਉੱਪਰ ਮੋਟੀ ਬੋਰੀ ਦੇ ਦਿੱਤੀ ਜਾਂਦੀ ਹੈ ਤਾਂ ਜੋ ਅੰਦਰਲਾ ਤਾਪਮਾਨ ਨਿਯੰਤ੍ਰਿਤ ਰਹੇ । ਉਹਨਾਂ ਨੂੰ ਇੰਸੂਲੇਸ਼ਨ ਉਹ ਪਹਿਲੂ ਹੈ ਜਿਸ ਵਿਚ ਛੱਤੇ ਦੇ ਅੰਦਰੂਨੀ ਤਾਪਮਾਨ ਨੂੰ ਕਾਇਮ ਰੱਖਿਆ ਜਾਂਦਾ ਹੈ ਜਿਸ ਨਾਲ ਕਲੋਨੀ ਦੀ ਸਿਹਤ ਅਤੇ ਮਧੂਮੱਖੀਆਂ ਦਾ ਠੰਡ ਤੋਂ ਬਚਾਅ ਕੀਤਾ ਜਾ ਸਕਦਾ ਹੈ । ਇਸ ਦੇ ਨਾਲ-ਨਾਲ ਸਹੀ ਹਵਾਦਾਰ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਅਤੇ ਛੱਤੇ ਦੀ ਸਮੇਂ ਤੇ ਨਿਗਰਾਨੀ ਕਰਨਾ ਵੀ ਜ਼ਰੂਰੀ ਹੈ । ਸਰਦੀਆਂ ਦੇ ਮੌਸਮ ਵਿਚ ਜਦ ਮਧੂਮੱਖੀਆਂ ਨੂੰ ਰਸ ਜਾਂ ਪਰਾਗ ਦੀ ਕਮੀ ਹੁੰਦੀ ਹੈ ਤਾਂ ਮਧੂਮੱਖੀ ਪਾਲਕ ਵੱਲੋਂ ਉਹਨਾਂ ਨੂੰ ਖੰਡ ਅਤੇ ਪਾਣੀ ਦਾ ਘੋਲ ਦੇ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਬਕਸੇ ਤੋਂ ਬਾਹਰ ਨਾ ਜਾਣਾ ਪਵੇ ।

★ ਗਰਮੀਆਂ ਦੇ ਦਿਨਾਂ ਵਿਚ ਸਾਨੂੰ ਕਲੋਨੀ ਦਾ ਤਾਪਮਾਨ ਲਗਭਗ ($93^0$F) ਤੱਕ ਰੱਖਣਾ ਚਾਹੀਦਾ ਹੈ । ਗਰਮੀਆਂ ਦੇ ਮੌਸਮ ਦੇ ਦੌਰਾਨ ਮਧੂਮੱਖੀਆਂ ਸ਼ਾਇਦ ਇਕੱਠਾ ਕਰਦੀਆਂ ਹਨ ਅਤੇ ਸ਼ਹਿਦ ਨੂੰ ਬਚਾ ਕੇ ਰੱਖਦੀਆਂ ਹਨ ਤਾਂ ਜੋ ਉਹ ਇਸ ਦਾ ਪ੍ਰਯੋਗ ਪੱਤਝੜ ਅਤੇ ਠੰਡੇ ਮੌਸਮ ਵਿਚ ਕਰ ਸਕਣ । ਇਸ ਮੌਸਮ ਵਿਚ ਮਧੂਮੱਖੀ ਪਾਲਕ ਸ਼ਹਿਦ ਕੱਢਦੇ ਹਨ । ਗਰਮੀਆਂ ਦੇ ਮੌਸਮ ਵਿਚ ਕੀੜੀਆਂ ਦਾ ਜ਼ਿਆਦਾ ਖਤਰਾ ਹੁੰਦਾ ਹੈ ਇਸ ਖਤਰੇ ਤੋਂ ਬਚਣ ਲਈ ਬਕਸਿਆਂ ਦੇ ਨੀਚੇ ਪਾਣੀ ਦੀ ਕਟੋਰੀਆਂ ਰੱਖ ਦਿੱਤੀਆਂ ਜਾਂਦੀਆਂ ਹਨ । ਪਾਣੀ ਰੱਖਣ ਦੇ ਉਪਰੋਕਤ ਇਸ ਦੀ ਨਿਗਰਾਨੀ ਕਰਨਾ ਬਹੁਤ ਜ਼ਰੂਰੀ ਹੁੰਦੀ ਹੈ । ਜ਼ਿਆਦਾ ਗਰਮੀ ਦੇ ਮੌਸਮ ਵਿਚ ਫੁੱਲਾਂ ਦਾ ਰਸ ਘੱਟ ਹੋ ਜਾਂਦਾ ਹੈ ਇਸੇ ਲਈ ਮਧੂਮੱਖੀਆਂ ਆਪਣੀ ਕਲੋਨੀ ਦੀ ਰੱਖਿਆ ਲਈ ਕਿਰਿਆਸ਼ੀਲ ਹੋ ਜਾਂਦੀਆਂ ਹਨ ਕਿਉਂਕਿ ਆਕਰਮਕ ਕਲੋਨੀਆਂ ਕਮਜ਼ੋਰ ਕਲੋਨੀਆਂ ਤੇ ਹਾਵੀ ਹੋ ਜਾਂਦੀਆਂ ਹਨ ਅਤੇ ਆਕਰਮਣ ਕਰ ਦਿੰਦੀਆਂ ਹਨ । ਇਸ ਤੋਂ ਬਚਣ ਲਈ ਇਕ ਵਿਸ਼ੇਸ਼ ਸਕਰੀਨ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਨੂੰ ਬਕਸਿਆਂ ਦੇ ਪ੍ਰਵੇਸ਼ ਦੁਆਰ ਤੇ ਲਗਾਈ ਜਾਂਦੀ ਹੈ । ਇਸ ਸਕਰੀਨ ਨੂੰ 'ਰੌਬਿੰਗ ਸਕਰੀਨ' ਕਿਹਾ ਜਾਂਦਾ ਹੈ । ਇਹ ਸਕਰੀਨ ਆਕਰਮਕ ਮਧੂਮੱਖੀਆਂ ਨੂੰ ਛੱਤੇ ਦੇ ਅੰਦਰ ਪ੍ਰਵੇਸ਼ ਕਰਨ ਤੋਂ ਰੋਕਦੀ ਹੈ । ਇਸ ਸਕਰੀਨ ਦੀ ਥਾਂ ਤੇ ਮਧੂਮੱਖੀ ਪਾਲਕ ਵੱਲੋਂ ਮਿੱਟੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ।

### ਮਧੂਮੱਖੀ ਪਾਲਕ ਵੱਲੋਂ ਮਧੂਮੱਖੀਆਂ ਛੱਤਿਆਂ ਦੀ ਸਾਂਭ ਸੰਭਾਲ ਵੇਲੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ

★ ਇੱਕ ਨਿੱਘੇ, ਸ਼ਾਂਤ, ਧੁੱਪ ਵਾਲੇ ਦਿਨ, ਵਿਚ ਛੱਤੇ ਦਾ ਮੁਆਇਨਾ ਕਰਨਾ ਚਾਹੀਦਾ ਹੈ ।

★ ਮਧੂ ਮੱਖੀਆਂ ਤੋਂ ਖੁਦ ਨੂੰ ਰੱਖਿਆ ਕਰਨ ਲਈ ਹਮੇਸ਼ਾ ਸੂਟ, ਦਸਤਾਨੇ ਅਤੇ ਪਰਦਾ ਪਾਉਣਾ ਚਾਹੀਦਾ ਹੈ ।

★ ਫਿਰ ਧੂੰਆਂ ਦੇਣ ਤੋਂ ਬਾਅਦ ਹੌਲੀ ਹੌਲੀ ਢੱਕਣ ਤੋਂ ਹਟਾਉਣਾ ਚਾਹੀਦਾ ਹੈ । ਜਦੋਂ ਮਧੂਮੱਖੀਆਂ ਨੂੰ ਸੁਚੇਤ ਕਰਨ ਲਈ ਅਲਾਰਮ ਰਸਾਇਣ (ਫੇਰੋਮੋਨੇ) ਛੱਡਦੀਆਂ ਹਨ । ਧੂਏ ਦਾ ਪ੍ਰਭਾਵ ਨਾਲ ਮੱਖੀਆਂ ਦੀ ਗਤੀਵਿਧੀ ਘੱਟ ਜਾਂਦੀ ਹੈ ।

★ ਆਪਣੇ ਹਾਈਵ ਟੂਲ ਦੀ ਵਰਤੋਂ ਕਰਕੇ ਪਹਿਲੇ ਫਰੇਮ ਨੂੰ ਚੁੱਕਣਾ ਚਾਹੀਦਾ ਹੈ । ਫਿਰ ਫਰੇਮ ਨੂੰ ਸਿਰੇ ਨਾਲ ਫੜਨਾ ਚਾਹੀਦਾ ਹੈ ਅਤੇ ਬਰੂਡ ਪੈਟਰਨ, ਸ਼ਹਿਦ ਸਟੋਰ, ਪਰਾਗ ਅਤੇ ਰਾਣੀ ਦੀ ਮੌਜੂਦਗੀ ਲਈ ਦੋਵੇਂ ਪਾਸਿਆਂ ਦੀ ਜਾਂਚ ਕਰਨੀ ਚਾਹੀਦੀ ਹੈ ।

★ ਉੱਪਰ ਦਿੱਤੇ ਹੋਏ ਸਾਰੇ ਨਿਵਾਰਨਾਂ ਦਾ ਪ੍ਰਯੋਗ ਕਰਕੇ ਮਧੂਮੱਖੀ ਪਾਲਕ ਛੱਤਿਆਂ ਦੀ ਤੇ ਸ਼ਹਿਰ ਦੀ ਮਾਤਰਾ ਨੂੰ ਵਧਾ ਸਕਦੇ ਹਨ ।

★ ਮੌਸਮ ਦੇ ਬਦਲਾਅ ਦਾ ਸਿੱਧਾ ਅਸਰ ਮਧੂਮੱਖੀਆਂ ਦੀ ਗਤੀਵਿਧੀ ਤੇ ਪੈਂਦਾ ਹੈ । ਇਹ ਗਤੀਵਿਧੀਆਂ ਹੋਣ ਕਾਰਨ ਮਧੂਮੱਖੀ ਪਾਲਕ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਪ੍ਰੋਕਤ ਦਿੱਤੇ ਸੁਝਾਵਾਂ ਨੂੰ ਅਪਨਾ ਕੇ ਇਕ ਪਾਲਕ ਨੂੰ ਮਧੂਮੱਖੀ ਦੇ ਬਕਸਿਆਂ ਦੀ ਸਾਂਭ ਸੰਭਾਲ ਅਤੇ ਮਧੂਮੱਖੀਆਂ ਦੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਸ਼ਹਿਦ ਅਤੇ ਹੋਰ ਉਤਪਾਦਾਂ ਦੀ ਮਾਤਰਾ ਨੂੰ ਵਧਾ ਸਕੀਏ ।

ਮਧੂ ਸ਼ੈਲੀ,
ਕੇ. ਵੀ. ਕੇ., ਸ੍ਰੀ ਮੁਕਤਸਰ ਸਾਹਿਬ
ਮੋ. 96434-42427

# ਹਾਈਡ੍ਰੋਪੋਨਿਕ ਚਾਰਾ ਉਤਪਾਦਨ - ਇੱਕ ਲਾਭਦਾਇਕ ਤਕਨੀਕ

**ਹਾਈਡ੍ਰੋਪੋਨਿਕ ਜਾਂ ਜਲ ਕ੍ਰਿਸ਼ੀ ਸ਼ਬਦ ਗ੍ਰੀਕ ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਮਤਲਬ ਹੈ ਪਾਣੀ ਵਿੱਚ ਕੰਮ ਕਰਨਾ, ਇਸ ਲਈ ਇਸ ਤਕਨੀਕ ਵਿੱਚ ਪੌਦਿਆਂ ਨੂੰ ਬਿਨ੍ਹਾਂ ਮਿੱਟੀ ਦੇ ਸਿਰਫ ਖਣਿਜ ਘੋਲ ਵਾਲੇ ਪਾਣੀ ਵਿੱਚ ਉਗਾਇਆ ਜਾਂਦਾ ਹੈ। ਇਸ ਵਿੱਚ ਕੀਤੀ ਜਾਣ ਵਾਲੀ ਕ੍ਰਿਸ਼ੀ ਨਿਯੰਤ੍ਰਿਤ ਵਾਤਾਵਰਣ ਵਿੱਚ ਹੁੰਦੀ ਹੈ, ਜਿਸਨੂੰ ਗ੍ਰੀਨ ਹਾਊਸ ਕਹਿੰਦੇ ਹਨ।**

ਭਾਰਤ ਵਿੱਚ ਪਸ਼ੂਧਨ ਦੀ ਗਿਣਤੀ ਸੰਸਾਰ ਵਿੱਚ ਸਭ ਤੋਂ ਜ਼ਿਆਦਾ ਹੈ। ਇੱਥੇ 299.9 ਮਿਲੀਅਨ ਬੋਵਾਈਨ, 65.06 ਮਿਲੀਅਨ ਭੇਡਾਂ, 135.17 ਮਿਲੀਅਨ ਬੱਕਰੀਆਂ, 0.62 ਮਿਲੀਅਨ ਘੋੜੇ, 0.4 ਮਿਲੀਅਨ ਊਠ ਅਤੇ 729.2 ਮਿਲੀਅਨ ਪੋਲਟਰੀ ਹੈ ਜੋ ਕਿ ਰਾਸ਼ਟਰੀ ਅਰਥ ਵਿਵਸਥਾ ਅਤੇ ਲੋਕਾਂ ਦੇ ਨਿਰਵਾਹ ਦਾ ਇੱਕ ਮੁੱਖ ਹਿੱਸਾ ਹੈ। ਸਾਡੇ ਦੇਸ਼ ਵਿੱਚ ਸਭ ਤੋਂ



ਜ਼ਿਆਦਾ ਪਸ਼ੂਆਂ ਦੀ ਗਿਣਤੀ ਹੋਣ ਦੇ ਬਾਵਜੂਦ ਪਸ਼ੂ ਉਤਪਾਦਕਤਾ ਨੂੰ ਵਧਾਉਣਾ ਇਕ ਵੱਡੀ ਚੁਣੌਤੀ ਹੈ। ਭਾਰਤ ਵਿੱਚ ਦੁਧਾਰੂ ਪਸ਼ੂਆਂ ਦਾ ਔਸਤਨ ਦੁੱਧ ਉਤਪਾਦਨ 1172 ਕਿਲੋਗ੍ਰਾਮ ਪ੍ਰਤੀ ਸਾਲ ਪ੍ਰਤੀ ਪਸ਼ੂ ਹੈ ਜੋ ਕਿ ਸੰਸਾਰ ਦੇ ਔਸਤਨ ਦੁੱਧ ਉਤਪਾਦਨ ਤੋਂ ਕਾਫੀ ਘੱਟ ਹੈ, ਇਸਦਾ ਮੁੱਖ ਕਾਰਨ ਸੰਸਾਰ ਵਿੱਚ ਹਰੇ ਚਾਰੇ ਅਤੇ ਸੁੱਕੇ ਚਾਰੇ ਦੀ ਘਾਟ ਹੈ। ਅੱਜ ਦੇ ਸਮੇਂ ਵਿੱਚ ਸਾਡਾ ਦੇਸ਼ 61.1 ਪ੍ਰਤੀਸ਼ਤ ਹਰਾ ਚਾਰਾ, 21.9 ਪ੍ਰਤੀਸ਼ਤ ਸੁੱਕੀ ਫਸਲ ਦੀ ਰਹਿੰਦ ਖੂੰਹਦ ਅਤੇ 64 ਪ੍ਰਤੀਸ਼ਤ ਫੀਡ ਦੀ ਘਾਟ ਨਾਲ ਲੜ ਰਿਹਾ ਹੈ। ਕ੍ਰਿਸ਼ੀ ਤੋਂ ਮਿਲਣ ਵਾਲੀ ਫਸਲ ਰਹਿੰਦ ਖੂੰਹਦ ਜਿਵੇਂ ਕਿ ਭੂਸਾ, ਕੜਬੀ ਆਦਿ ਘਣਤਾ ਵਾਲੇ ਰੇਸ਼ੇ ਹੁੰਦੇ ਹਨ। ਇਨ੍ਹਾਂ ਵਿੱਚ ਪ੍ਰੋਟੀਨ, ਘੁਲਣਸ਼ੀਲ ਕਾਰਬੋਹਾਈਡ੍ਰੇਟ, ਖਣਿਜ ਅਤੇ ਵਿਟਾਮਿਨ ਘੱਟ ਮਾਤਰਾ ਵਿਚ ਮਿਲਦੇ ਹਨ। ਗੁਣਵੱਤਾ ਅਤੇ ਮਾਤਰਾ ਦੋਨੋਂ ਮਾਪਦੰਡਾਂ ਦੇ ਹਿਸਾਬ ਨਾਲ ਦੇਸ਼ ਵਿੱਚ ਫੀਡ ਦੀ ਘਾਟ ਹੈ ਜੋ ਕਿ ਪਸ਼ੂਧਨ ਵਿਕਾਸ ਦੇ ਵਿਚ ਇਕ ਮੁੱਖ ਅੜਚਨ ਹੈ।

ਅੱਜ ਦੇ ਸਮੇਂ ਵਿੱਚ ਦੁਧਾਰੂ ਪਸ਼ੂਆਂ ਨੂੰ ਜੇ ਲੋੜ ਮੁਤਾਬਿਕ ਸੰਤੁਲਿਤ ਖੁਰਾਕ ਦੇਣੀ ਹੈ ਤਾਂ ਸਾਰਾ ਸਾਲ ਉੱਤਮ ਗੁਣਵੱਤਾ ਵਾਲੇ ਹਰੇ ਚਾਰੇ ਦਾ ਉਤਪਾਦਨ ਕਰਨਾ ਹੋਵੇਗਾ। ਇਸ ਸਮੱਸਿਆ ਦਾ ਕਾਰਣ ਪਸ਼ੂਪਾਲਕਾਂ ਨੂੰ ਹਰਾ ਚਾਰਾ ਉਤਪਾਦਨ ਦੀ ਵਧੀਆ ਵਿਧੀ ਦੀ ਲੋੜ ਹੈ। ਇਹ ਬਹੁਤ ਹੀ ਸਾਫ ਹੈ ਕਿ ਲਾਗਤ ਵਿੱਚ ਵਾਧਾ ਅਤੇ ਕੁਦਰਤੀ ਸੋਮਿਆਂ ਨੂੰ ਘੱਟ ਕਰਨ ਦੇ ਲਈ ਟਿਕਾਊ ਤਕਨੀਕ ਹਾਈਡ੍ਰੋਪੋਨਿਕ ਚਾਰਾ ਉਤਪਾਦਨ, ਡੇਅਰੀ ਵਿਵਸਥਾ ਦੇ ਭਵਿੱਖ ਲਈ ਪ੍ਰਮੁੱਖ ਹੈ। ਗ੍ਰੀਨਹਾਊਸ/ਪਾਲੀਹਾਊਸ ਵਿੱਚ ਹਾਈਡ੍ਰੋਪੋਨਿਕ ਚਾਰੇ ਨੂੰ ਪੈਦਾ ਕਰਨਾ ਸਹੀ ਵਿਕਲਪ ਹੈ। ਇਸ ਤਰ੍ਹਾਂ ਉਗਾਇਆ ਹਰਾ ਚਾਰਾ ਭੇਡ, ਬੱਕਰੀ ਤੇ ਹੋਰ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ।

**ਹਾਈਡ੍ਰੋਪੋਨਿਕ ਚਾਰਾ ਉਤਪਾਦਨ ਦੀ ਲੋੜ :**

1. ਹਰਾ ਚਾਰਾ ਉਤਪਾਦਨ ਦੇ ਲਈ ਉਪਜਾਊ ਜ਼ਮੀਨ ਉਪਲੱਬਧ ਨਾ ਹੋਣਾ।
2. ਸਿੰਚਾਈ ਜ਼ਮੀਨ ਦੀ ਤਿਆਰੀ ਦੇ ਲਈ ਸੀਮਿਤ ਸਾਧਨ ਹੋਣਾ।
3. ਕਈਂ ਖੇਤਰਾਂ ਵਿੱਚ ਚਾਰਾ ਉਤਪਾਦਨ ਲਈ ਸੀਮਿਤ ਜ਼ਮੀਨ ਹੋਣਾ।
4. ਕ੍ਰਿਸ਼ੀ ਕਿਰਿਆਵਾਂ ਲਈ ਜ਼ਿਆਦਾ ਮਜ਼ਦੂਰਾਂ ਦੀ ਲੋੜ।
5. ਅਵਾਰਾ ਅਤੇ ਜੰਗਲੀ ਪਸ਼ੂਆਂ ਦੁਆਰਾ ਚਾਰਾ ਖਰਾਬ ਕਰ ਦੇਣਾ।
6. ਹਰੇ ਚਾਰੇ ਦੀ ਮੰਗ ਜ਼ਿਆਦਾ ਹੋਣਾ।

**ਹਾਈਡ੍ਰੋਪੋਨਿਕ ਕੀ ਹੈ ?** ਇਕੱਲੇ ਪਾਣੀ ਵਿੱਚ ਨਿਯੰਤ੍ਰਿਤ ਜਲਵਾਯੂ ਵਿੱਚ ਬਿਨ੍ਹਾਂ ਮਿੱਟੀ ਦੇ ਪੌਦੇ ਉਗਾਉਣ ਦੀ ਤਕਨੀਕ ਨੂੰ ਹਾਈਡ੍ਰੋਪੋਨਿਕ ਕਿਹਾ ਜਾਂਦਾ ਹੈ। ਹਾਈਡ੍ਰੋਪੋਨਿਕ ਵਿੱਚ ਚਾਰੇ ਵਾਲੀਆਂ ਫਸਲਾਂ ਨੂੰ ਨਿਯੰਤ੍ਰਿਤ ਹਾਲਤਾਂ ਵਿੱਚ 15-30 ਡਿਗਰੀ ਸੈਲਸੀਅਸ ਤਾਪਮਾਨ ਤੇ ਲੱਗਭਗ 80-85 ਪ੍ਰਤੀਸ਼ਤ ਰਿਲੇਟਿਵ ਨਮੀਂ ਦੀ ਮਾਤਰਾ ਹੋਵੇ। ਸਾਧਾਰਨ ਤੌਰ ਤੇ ਪੌਦੇ ਆਪਣੇ ਜ਼ਰੂਰੀ ਪੌਸ਼ਕ ਤੱਤ ਜ਼ਮੀਨ ਵਿੱਚੋਂ ਲੈਂਦੇ ਹਨ, ਪ੍ਰੰਤੂ ਹਾਈਡ੍ਰੋਪੋਨਿਕ ਤਕਨੀਕ ਵਿੱਚ ਪੌਦਿਆਂ ਦੇ ਲਈ ਜ਼ਰੂਰੀ ਪੌਸ਼ਕ ਤੱਤ ਉਪਲੱਬਧ ਕਰਨ ਦੇ ਲਈ ਪੌਦਿਆਂ ਵਿੱਚ ਇਕ ਖਾਸ ਤਰ੍ਹਾਂ ਦਾ ਘੋਲ ਪਾਇਆ ਜਾਂਦਾ ਹੈ। ਇਸ ਘੋਲ ਵਿੱਚ ਪੌਦਿਆਂ ਦੇ ਲਈ ਜ਼ਰੂਰੀ ਖਣਿਜ ਅਤੇ ਪੌਸ਼ਕ ਤੱਤ ਮਿਲਾਏ ਜਾਂਦੇ ਹਨ। ਪਾਣੀ ਵਿੱਚ ਉਗਾਏ ਜਾਣ ਵਾਲੇ ਪੌਦਿਆਂ ਵਿੱਚ ਇਸ ਘੋਲ ਦੀ ਮਹੀਨੇ ਵਿੱਚ ਇੱਕ ਦੋ ਵਾਰ ਕੇਵਲ ਕੁਝ ਮਾਤਰਾ ਹੀ ਪਾਈ ਜਾਂਦੀ ਹੈ। ਇਸ ਘੋਲ ਵਿੱਚ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ, ਸਲਫਰ, ਜ਼ਿੰਕ ਅਤੇ ਆਇਰਨ ਆਦਿ ਤੱਤਾਂ ਨੂੰ ਇਕ ਖਾਸ ਅਨੁਪਾਤ ਵਿੱਚ ਮਿਲਾਇਆ ਜਾਂਦਾ ਹੈ ਤਾਂ ਜੋ ਪੌਦਿਆਂ ਨੂੰ ਜ਼ਰੂਰੀ ਪੌਸ਼ਕ ਤੱਤ ਮਿਲਦੇ ਰਹਿਣ।

**ਹਾਈਡ੍ਰੋਪੋਨਿਕ ਚਾਰਾ ਉਤਪਾਦਨ ਦੇ ਲਾਭ :** ਪ੍ਰਚਲਿਤ ਤਕਨੀਕ ਨਾਲ ਚਾਰਾ ਫਸਲਾਂ ਉਗਾਉਣ ਦੇ ਮੁਕਾਬਲੇ ਹਾਈਡ੍ਰੋਪੋਨਿਕ ਤਕਨੀਕ ਦੇ ਕਈ ਲਾਭ ਹਨ। ਇਸ ਤਕਨੀਕ ਤੋਂ ਉਲਟ ਜਲਵਾਯੂ ਦੇ ਹਾਲਤਾਂ ਵਿੱਚ ਉਨ੍ਹਾਂ ਖੇਤਰਾਂ ਵਿੱਚ ਵੀ ਚਾਰਾ ਉਗਾਇਆ ਜਾ ਸਕਦਾ ਹੈ ਜਿੱਥੇ ਜ਼ਮੀਨ ਦੀ ਘਾਟ ਹੈ ਜਾਂ ਜਿੱਥੇ ਮਿੱਟੀ ਉਪਜਾਊ ਨਹੀਂ ਹੈ।

**ਹਾਈਡ੍ਰੋਪੋਨਿਕ ਦੇ ਪ੍ਰਮੁੱਖ ਲਾਭ ਹੇਠ ਲਿਖੇ ਹਨ :**

1. **ਪਾਣੀ ਦੀ ਬੱਚਤ** : ਹਾਈਡ੍ਰੋਪੋਨਿਕ ਤਕਨੀਕ ਨਾਲ ਇਕ ਕਿਲੋਗ੍ਰਾਮ ਚਾਰਾ ਉਗਾਉਣ ਦੇ ਲਈ 2-3 ਲੀਟਰ ਪਾਣੀ ਦੀ ਲੋੜ ਹੁੰਦੀ ਹੈ, ਜਦੋਂ ਕਿ ਰਿਵਾਇਤੀ ਤਕਨੀਕ ਵਿੱਚ 55-75 ਲੀਟਰ ਪਾਣੀ ਦੀ ਲੋੜ ਹੁੰਦੀ ਹੈ।
2. **ਘੱਟ ਤੋਂ ਘੱਟ ਜ਼ਮੀਨ ਦਾ ਉਪਯੋਗ** : ਹਾਈਡ੍ਰੋਪੋਨਿਕ ਤਕਨੀਕ ਤੋਂ ਰੋਜ਼ਾਨਾ 1000 ਕਿਲੋਗ੍ਰਾਮ ਹਰਾ ਚਾਰਾ ਕੇਵਲ 480 ਵਰਗ ਫੁੱਟ ਜ਼ਮੀਨ ਤੋਂ ਮਿਲ ਜਾਂਦਾ ਹੈ ਜਦੋਂ ਕਿ ਰਵਾਇਤੀ ਤਕਨੀਕ ਨਾਲ ਇਸ ਚਾਰੇ ਦੇ ਲਈ ਲੱਗਭਗ 25 ਏਕੜ ਜ਼ਮੀਨ ਦੀ ਲੋੜ ਹੁੰਦੀ ਹੈ।
3. **ਘੱਟ ਮਜ਼ਦੂਰਾਂ ਦੀ ਲੋੜ** : ਹਾਈਡ੍ਰੋਪੋਨਿਕ ਤਕਨੀਕ ਵਿਚ 2-3 ਘੰਟੇ/ਦਿਨ ਮਜ਼ਦੂਰਾਂ ਦੀ ਲੋੜ ਜਦੋਂ ਕਿ ਰਵਾਇਤੀ ਤਕਨੀਕ ਵਿੱਚ ਬਿਜਾਈ ਤੇ ਕਟਾਈ ਤੱਕ ਮਜ਼ਦੂਰਾਂ ਦੀ ਲੋੜ ਹੈ।
4. **ਘੱਟ ਸਮੇਂ ਦੀ ਲੋੜ** : ਹਾਈਡ੍ਰੋਪੋਨਿਕ ਵਿਚ ਗੁਣਵੱਤਾ ਵਾਲਾ ਹਰਾ ਚਾਰਾ ਲੈਣ ਲਈ ਬੀਜ ਪੁੰਗਰਨ ਤੋਂ ਬਾਅਦ ਸਿਰਫ 7-8 ਦਿਨ ਲੱਗਦੇ ਹਨ, ਜਦੋਂ ਕਿ ਰਵਾਇਤੀ ਤਕਨੀਕ ਵਿੱਚ 45-65 ਦਿਨ ਲੱਗਦੇ ਹਨ।
5. **ਸਾਰਾ ਸਾਲ ਚਾਰਾ ਉਤਪਾਦਨ** : ਹਾਈਡ੍ਰੋਪੋਨਿਕ ਤਕਨੀਕ ਦੁਆਰਾ ਮੰਗ ਦੇ ਅਨੁਸਾਰ ਸਾਰਾ ਸਾਲ ਹਰਾ ਚਾਰਾ ਉਤਪਾਦਨ ਕੀਤਾ ਜਾ ਸਕਦਾ ਹੈ।
6. **ਚਾਰੇ ਦੇ ਪੌਸ਼ਕ ਮੁੱਲ ਵਿੱਚ ਵਾਧਾ** : ਹਾਈਡ੍ਰੋਪੋਨਿਕ ਵਿੱਚ ਵਾਧੂ ਪੌਸ਼ਕ ਤੱਤ ਆਦਿ ਪਾ ਕੇ ਚਾਰੇ ਦੇ ਪੌਸ਼ਕ ਮੁੱਲ ਵਿੱਚ ਵਾਧਾ ਸੰਭਵ ਹੈ। ਨਾਲ ਹੀ ਇਹ ਚਾਰਾ ਪੌਸ਼ਕ ਤੱਤਾਂ ਜਿਵੇਂ ਬੀਟਾ ਕੈਰੋਟੀਨ, ਵਿਟਾਮਿਨ ਸੀ ਅਤੇ ਈ, ਖਣਿਜ ਜਿਵੇਂ ਸੈਲੀਨੀਅਮ ਅਤੇ ਜ਼ਿੰਕ ਆਦਿ ਦਾ ਚੰਗਾ ਸਰੋਤ ਹੈ।
7. **ਦੁੱਧ ਉਤਪਾਦਨ ਵਿੱਚ ਵਾਧਾ** : ਦੁਧਾਰੂ ਪਸ਼ੂਆਂ ਵਿੱਚ ਡ੍ਰਾਈ ਮੈਟਰ ਦੀ ਮਾਤਰਾ ਦੀ ਭਰਪਾਈ ਹਰੇ ਚਾਰੇ ਨਾਲ ਕੀਤੀ ਜਾ ਸਕਦੀ ਹੈ ਜਿਸ ਨਾਲ ਦੁੱਧ ਉਤਪਾਦਨ ਦੀ ਲਾਗਤ ਵਿਚ ਕਮੀ ਹੋ ਜਾਂਦੀ ਹੈ। ਖੋਜ ਨੇ ਸਾਬਿਤ ਕੀਤਾ ਹੈ ਕਿ ਇਸ ਚਾਰੇ ਨਾਲ 8-13.7 ਪ੍ਰਤੀਸ਼ਤ ਤੱਕ ਦੁੱਧ ਦੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ।
8. **ਹਰੇ ਚਾਰੇ ਦਾ ਘੱਟ ਨੁਕਸਾਨ** : ਹਾਈਡ੍ਰੋਪੋਨਿਕ ਵਿੱਚ ਉਗਾਏ ਗਏ ਹਰੇ ਚਾਰੇ ਦਾ ਪੂਰਾ ਉਪਯੋਗ ਹੋ ਜਾਂਦਾ ਹੈ ਜਿਸ ਨਾਲ ਚਾਰਾ ਖਰਾਬ ਹੋਣ ਦੀ ਸੰਭਾਵਨਾ ਘੱਟ ਤੋਂ ਘੱਟ ਹੁੰਦੀ ਹੈ।



9. **ਜ਼ਿਆਦਾ ਉਤਪਾਦਨ** : ਹਾਈਡ੍ਰੋਪੋਨਿਕ ਵਿੱਚ ਚਾਰੇ ਦੀ ਵਾਧਾ ਦਰ ਜ਼ਿਆਦਾ ਹੁੰਦੀ ਹੈ ਇਸ ਲਈ ਰਵਾਇਤੀ ਤਕਨੀਕ ਦੇ ਮੁਕਾਬਲੇ ਜ਼ਿਆਦਾ ਉਤਪਾਦਨ ਮਿਲਦਾ ਹੈ।

ਦੁੱਧ ਉਤਪਾਦਨ ਦੀ ਲਾਗਤ ਘੱਟ ਕਰਨ ਵਿਚ ਹਰਾ ਚਾਰਾ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਜੇ ਜ਼ਮੀਨ ਦਾ ਜੁਤਾਈ ਵਾਲਾ ਹਿੱਸਾ ਛੋਟਾ, ਪਾਣੀ ਦੀ ਘਾਟ, ਖਾਰਾ ਪਾਣੀ, ਮਜ਼ਦੂਰ ਅਤੇ ਜ਼ਮੀਨ ਦੀ ਲਾਗਤ ਜ਼ਿਆਦਾ ਹੈ, ਉੱਥੇ ਹਾਈਡ੍ਰੋਪੋਨਿਕ ਚਾਰਾ ਉਤਪਾਦਨ ਤਕਨੀਕ ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਦਾ ਅਹਿਮ ਸਾਧਨ ਹੈ। ਪਸ਼ੂਆਂ ਨੂੰ ਦਿੱਤੇ ਜਾਣ ਵਾਲੇ ਰਾਸ਼ਨ ਵਿੱਚ ਜੇ ਇਹ ਚਾਰਾ ਮਿਲਾਇਆ ਜਾਵੇ ਤਾਂ ਇਹ 5 ਪ੍ਰਤੀਸ਼ਤ ਜ਼ਿਆਦਾ ਪਚਨਯੋਗ ਪ੍ਰੋਟੀਨ ਅਤੇ 4.9 ਪ੍ਰਤੀਸ਼ਤ ਜ਼ਿਆਦਾ ਕੁੱਲ ਪਾਚਕ ਪਦਾਰਥ ਪ੍ਰਦਾਨ ਕਰਨਗੇ। ਜਲ ਕ੍ਰਿਸ਼ੀ ਦੇ ਲਈ ਜਿਹੜੇ ਢਾਂਚਿਆਂ ਦਾ ਉਪਯੋਗ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਗ੍ਰੀਨ ਹਾਊਸ ਕਹਿੰਦੇ ਹਨ, ਇਹ ਗ੍ਰੀਨ ਹਾਊਸ 2 ਤਰ੍ਹਾਂ ਦੇ ਹੁੰਦੇ ਹਨ (1) ਹਾਈਟੈਕ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ, (2) ਲੋ ਕਾਸਟ ਜਾਂ ਘੱਟ ਖਰਚ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ।

**ਹਾਈਟੈਕ ਗ੍ਰੀਨ ਹਾਊਸ ਚਾਰਾ ਸਿੰਚਾਈ ਇਕਾਈ :** ਇਨ੍ਹਾਂ ਵਿੱਚ ਇਕ ਨਿਯੰਤ੍ਰਿਤ ਇਕਾਈ ਹੁੰਦੀ ਹੈ ਜਿਸ ਵਿੱਚ ਵਾਤਾਨੁਕੂਲ ਜਾਂ ਏਅਰ ਕੰਡੀਸ਼ਨਰ ਲੱਗੇ ਹੁੰਦੇ ਹਨ। ਇਸ ਵਿੱਚ ਲੱਗੀ ਨਿਯੰਤ੍ਰਿਤ ਇਕਾਈ ਪਾਣੀ ਦੇ ਵਹਾਵ ਨੂੰ ਨਿਯੰਤ੍ਰਿਤ ਕਰਦੀ ਅਤੇ ਸੈਂਸਰ ਦੇ ਮਾਧਿਅਮ ਨਾਲ ਰੌਸ਼ਨੀ ਨੂੰ ਵੀ ਨਿਯੰਤ੍ਰਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਦੇ ਚਾਰੇ ਨੂੰ ਲਗਾਉਣ ਵਿੱਚ ਲਾਗਤ ਜ਼ਿਆਦਾ ਆਉਣੀ ਹੈ। ਖਾਸ ਰੂਪ ਵਿੱਚ ਰੱਬੀ ਦੀਆਂ ਫਸਲਾਂ ਜਿਵੇਂ ਜੌਂ, ਜਵੀ, ਕਣਕ ਆਦਿ ਦੀ ਕ੍ਰਿਸ਼ੀ ਵਿੱਚ ਠੰਡਾ ਅਤੇ ਸੁੱਕਾ ਵਾਤਾਵਰਣ ਬਣਾਉਣ ਦੇ ਲਈ ਏਅਰ ਕੰਡੀਸ਼ਨਰ ਦੀ ਲੋੜ ਪੈਂਦੀ ਹੈ।

**ਘੱਟ ਲਾਗਤ ਵਾਲੇ ਗ੍ਰੀਨ ਹਾਊਸ ਪਾਣੀ ਕ੍ਰਿਸ਼ੀ ਚਾਰਾ ਸਿੰਚਾਈ ਇਕਾਈ :** ਇਹ ਘੱਟ ਲਾਗਤ ਵਿੱਚ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸਨੂੰ ਛੋਟੇ ਕਿਸਾਨ ਵੀ ਲਗਾ ਸਕਦੇ ਹਨ। ਇਸ ਇਕਾਈ ਦੇ ਢਾਂਚੇ ਨੂੰ ਬਾਂਸ, ਲੱਕੜ, ਗੈਲਵੇਨਾਈਜਡ ਲੋਹੇ ਆਦਿ ਤੋਂ ਤਿਆਰ ਕੀਤਾ ਜਾ ਸਕਦਾ ਹੈ। ਇਹਨਾਂ ਢਾਂਚਿਆਂ ਨੂੰ ਸਹਾਰਾ ਦੇਣ ਦੇ ਲਈ ਇੱਕ ਪਾਸੇ ਤੋਂ ਦੀਵਾਰ ਦਾ ਉਪਯੋਗ ਵੀ ਕੀਤਾ ਜਾ ਸਕਦਾ ਹੈ। ਜਿਸ ਨਾਲ ਕਿ ਇਹ ਹੋਰ ਵੀ ਘੱਟ ਕੀਮਤ ਤੇ ਤਿਆਰ ਕੀਤਾ ਜਾ ਸਕੇ।

ਇਸ ਵਿੱਚ ਸਿੰਚਾਈ ਦੇ ਲਈ ਛੋਟੇ-ਛੋਟੇ ਫੁਆਰੇ ਜੋ ਕਿ ਆਟੋਮੈਟਿਕ ਜਾਂ ਹੱਥ ਨਾਲ ਚਲਾਏ ਜਾਣ ਵਾਲੇ ਹੋ ਸਕਦੇ ਹਨ ਉਪਯੋਗ ਵਿੱਚ ਲਿਆਏ ਜਾਂਦੇ ਹਨ। ਕਿਉਂਕਿ ਇਹ ਵਾਤਾਨੁਕੂਲ ਨਹੀਂ ਹੁੰਦੇ ਹਨ, ਇਸ ਲਈ ਇਸ ਵਿੱਚ ਜਿਸ ਚਾਰੇ ਜਾਂ ਫਸਲ ਨੂੰ ਲਗਾਇਆ ਜਾਂਦਾ ਹੈ ਉਹ ਉਸ ਸਥਾਨ ਦੇ ਮੌਸਮ ਤੇ ਨਿਰਭਰ ਕਰਦਾ ਹੈ। 30-300 ਕਿਲੋਗ੍ਰਾਮ ਤਾਜ਼ਾ ਚਾਰਾ ਉਗਾਉਣ ਦੇ ਲਈ ਇਕਾਈ ਵਿੱਚ ਲੱਗਭਗ 6000-50000 ਤੱਕ ਲਾਗਤ ਆਉਂਦੀ ਹੈ।

**ਜਲ ਕ੍ਰਿਸ਼ੀ ਵਿੱਚ ਉਗਾਈਆਂ ਜਾਣ ਵਾਲੀਆਂ ਫਸਲਾਂ :** ਹਾਈਡ੍ਰੋਪੋਨਿਕਸ ਵਿੱਚ ਭਿੰਨ-ਭਿੰਨ ਤਰ੍ਹਾਂ ਦੀਆਂ ਫਸਲਾਂ ਵਿੱਚ ਚਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਜੌਂ, ਓਟ, ਕਣਕ, ਜਵਾਰ, ਮੱਕੀ ਆਦਿ। ਜਲ ਕ੍ਰਿਸ਼ੀ ਨਾਲ ਚਾਰਾ ਉਤਪਾਦਨ ਭੂਗੋਲਿਕ ਹਾਲਾਤ, ਖੇਤਰ ਦੇ ਵਾਤਾਵਰਣ ਅਤੇ ਬੀਜ ਦੀ ਉਪਲੱਬਧਤਾ ਤੇ ਨਿਰਭਰ ਕਰਦਾ ਹੈ। ਉਤਪਾਦਨ ਦੇ ਲਈ ਬੀਜੇ ਗਏ ਬੀਜ ਸਾਫ, ਸਾਬਤ, ਕੀੜਾ ਰਹਿਤ ਅਤੇ ਚੰਗੀ ਗੁਣਵੱਤਾ ਦੇ ਹੋਣੇ ਚਾਹੀਦੇ ਹਨ। ਇਸ ਵਿੱਚ ਬੀਜਾਂ ਨੂੰ ਪਾਣੀ ਵਿੱਚ ਭਿਉਂ ਕੇ ਆਸਾਨੀ ਨਾਲ ਪੌਦਾ ਬਣਨ ਲਈ ਤਿਆਰ ਕੀਤਾ ਜਾਂਦਾ ਹੈ। ਸਾਧਾਰਨ ਤੌਰ ਤੇ ਬੀਜਾਂ ਨੂੰ ਜੂਟ ਦੇ ਥੈਲਿਆਂ ਵਿੱਚ ਰੱਖ ਕੇ ਚੰਗੀ ਤਰ੍ਹਾਂ ਨਾਲ ਬੰਦ ਕਰ ਕੇ ਉਨ੍ਹਾਂ ਨੂੰ ਭਿਉਂ ਕੇ ਇੱਕ ਦੋ ਦਿਨ ਦੇ ਲਈ ਰੱਖਿਆ ਜਾ ਸਕਦਾ ਹੈ, ਇਹ ਬੀਜ ਹੁਣ ਅੰਕੁਰਿਤ ਹੋ ਚੁੱਕੇ ਹੁੰਦੇ ਹਨ, ਇਸਦੇ ਬਾਅਦ ਇਨ੍ਹਾਂ ਨੂੰ ਪਲੇਟਾਂ ਵਿੱਚ ਰੱਖਿਆ ਜਾਂਦਾ ਹੈ, ਇਹ ਪਲੇਟਾਂ ਸਾਬਣ ਨਾਲ ਸਾਫ ਹੋਣੀਆਂ ਚਾਹੀਦੀਆਂ ਹਨ।

ਪੁੰਗਰੇ ਹੋਏ ਬੀਜਾਂ ਦੀ ਸਿੰਚਾਈ ਦਿਨ ਵਿਚ ਕਈ ਵਾਰ ਕੀਤੀ ਜਾਂਦੀ ਹੈ। ਇਸ ਵਿੱਚ ਇਸ ਗੱਲ ਦਾ ਧਿਆਨ ਰੱਖਣਾ ਹੁੰਦਾ ਹੈ ਕਿ ਪੌਦਿਆਂ ਦੀਆਂ ਜੜ੍ਹਾਂ ਹਮੇਸ਼ਾਂ ਭਿੱਜੀਆਂ ਰਹਿਣ। ਛੋਟੇ ਗ੍ਰੀਨ ਘਾਹ ਕਮਰੇ ਦੀ ਸਿੰਚਾਈ ਦੇ ਲਈ ਸਾਧਾਰਨ ਸਪਰੇ ਜਾਂ ਪੰਪਿੰਗ ਸਪ੍ਰੇ ਦਾ ਉਪਯੋਗ ਕੀਤਾ ਜਾਂਦਾ ਹੈ ਪਰ ਜੇ ਵੱਡੀ ਇਕਾਈ ਹੈ ਤਾਂ ਆਟੋਮੈਟਿਕ ਸਪ੍ਰੇ ਵੀ ਉਪਯੋਗ ਵਿੱਚ ਲਿਆਇਆ ਜਾ ਸਕਦਾ ਹੈ।

ਜੇ ਅਸੀਂ ਜਲ ਸਿੰਚਾਈ ਵਿੱਚ ਖਰਚ ਹੋਣ ਵਾਲੇ ਪਾਣੀ ਦੀ ਮਾਤਰਾ ਦੀ ਗੱਲ ਕਰੀਏ ਤਾਂ ਇਹ ਪਤਾ ਕਰਨਾ ਬਹੁਤ ਹੀ ਵਧੀਆ ਹੋਵੇਗਾ ਕਿ ਸਾਧਾਰਨ ਖੇਤੀ ਵਿੱਚ ਉਪਯੋਗ ਹੋਣ ਵਾਲੇ ਪਾਣੀ ਤੁਲਨਾ ਵਿੱਚ ਇਸ ਵਿੱਚ 3-5 ਪ੍ਰਤੀਸ਼ਤ ਹੀ ਪਾਣੀ ਦੀ ਲੋੜ ਹੁੰਦੀ ਹੈ। ਇੱਕ ਕਿਲੋਗ੍ਰਾਮ ਮੱਕੀ ਦੀ ਘਾਹ ਪੈਦਾ ਕਰਨ ਦੇ ਲਈ 1.5 ਲੀਟਰ ਤੋਂ ਲੈ ਕੇ 3 ਲੀਟਰ ਪਾਣੀ ਦੀ ਲੋੜ ਹੁੰਦੀ ਹੈ।

**ਜਲ ਕ੍ਰਿਸ਼ੀ ਵਿਚ ਉਪਯੋਗ ਹੋਣ ਵਾਲੇ ਪੌਸ਼ਕ ਘੋਲ : ਪਹਿਲੇ ਮਾਈਕ੍ਰੋ-ਨਿਉਟ੍ਰੀਐਂਟਸ** : ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ

**ਦੂਜੇ ਮਾਈਕ੍ਰੋਨਿਉਟ੍ਰੀਐਂਟਸ** : ਕੈਲਸ਼ੀਅਮ, ਸਲਫਰ, ਮੈਗਨੀਸ਼ੀਅਮ

**ਮਾਈਕ੍ਰੋਨਿਉਟ੍ਰੀਐਂਟਸ** : ਬੋਰੋਨ, ਕਲੋਰੀਨ, ਮੈਂਗਨੀਜ, ਆਇਰਨ, ਜ਼ਿੰਕ, ਕਾਪਰ, ਮਾਲੀਬਡੈਨਮ, ਨਿਕਲ

ਨਾਈਟ੍ਰੋਜਨ : 210 ਪੀ.ਪੀ.ਐਮ., ਪੋਟਾਸ਼ੀਅਮ-235 ਪੀ.ਪੀ.ਐਮ., ਕੈਲਸ਼ੀਅਮ-200 ਪੀ.ਪੀ.ਐਮ., ਫਾਸਫੋਰਸ-31 ਪੀ.ਪੀ.ਐਮ., ਸਲਫਰ-64 ਪੀ.ਪੀ.ਐਮ., ਮੈਗਨੀਸ਼ੀਅਮ-48 ਪੀ.ਪੀ.ਐਮ., ਆਇਰਨ-1 ਤੋਂ 5 ਪੀ.ਪੀ.ਐਮ., ਜ਼ਿੰਕ-0.05 ਪੀ.ਪੀ.ਐਮ., ਮਾਲੀਬਡੈਨਮ-0.01 ਪੀ.ਪੀ.ਐਮ., ਕਾਪਰ-0.02 ਪੀ.ਪੀ.ਐਮ.।

**ਦਿਨ ਦੇ ਅਨੁਸਾਰ ਚਾਰੇ ਦਾ ਵਾਧਾ ਚੱਕਰ** : ਪਹਿਲਾ ਦਿਨ - ਪਹਿਲੇ ਦਿਨ ਪਾਣੀ ਵਿੱਚ ਭਿਉਂ ਕੇ ਦਾਣੇ ਨੂੰ ਪਲੇਟਾਂ ਵਿੱਚ ਜੋ ਕਿ ਸ਼ੈਲਫ ਤੇ ਰੱਖੀਆਂ ਹੁੰਦੀਆਂ ਹਨ ਵਿਚ ਸਾਮਾਨ ਰੂਪ ਵਿਚ ਫੈਲਾ ਦਿੱਤਾ ਜਾਂਦਾ ਹੈ।

ਦੂਜਾ ਦਿਨ-ਦੂਜੇ ਦਿਨ ਬੀਜ ਪੁੰਗਰਨੇ ਸ਼ੁਰੂ ਹੋ ਜਾਂਦੇ ਹਨ।

ਤੀਜਾ ਦਿਨ ਅਤੇ ਚੌਥਾ ਦਿਨ - ਜੜਾਂ ਦਾ ਇਕ ਕਾਲੀਨ ਵਰਗਾ ਗੁਥਿਆ ਹੋਇਆ ਜਾਲ ਦਿਖਾਈ ਦੇਣ ਲੱਗਦਾ ਹੈ।

ਪੰਜਵਾਂ ਅਤੇ ਛੇਵਾਂ ਦਿਨ : ਜੜ੍ਹਾਂ ਅਤੇ ਤਣੇ ਦਾ ਪੂਰਾ ਵਾਧਾ ਦਿਖਾਈ ਦੇਣ ਲੱਗਦਾ ਹੈ।

ਸੱਤਵਾਂ ਦਿਨ - ਇਸਨੂੰ ਫੀਡਿੰਗ ਡੇਅ ਕਿਹਾ ਜਾਂਦਾ ਹੈ, ਇਸ ਸਮੇਂ 8-10 ਇੰਚ ਵਾਧਾ ਹੋ ਜਾਂਦਾ ਹੈ ਅਤੇ ਇਸ ਸਮੇਂ ਹਰੇ ਚਾਰੇ ਨੂੰ ਪਲੇਟਾਂ ਵਿੱਚੋਂ ਕੱਢ ਕੇ ਪਸ਼ੂਆਂ ਨੂੰ ਖਵਾਇਆ ਜਾਂਦਾ ਹੈ।

ਘੱਟ ਲਾਗਤ ਵਾਲੇ ਗ੍ਰੀਨ ਹਾਊਸ ਵਿੱਚ 1 ਕਿਲੋਗ੍ਰਾਮ ਮੱਕਾ ਤੋਂ 7 ਤੋਂ 10 ਦਿਨਾਂ ਵਿਚ 8-10 ਕਿਲੋਗ੍ਰਾਮ ਮੱਕੀ ਦਾ ਚਾਰਾ ਉਗਾਇਆ ਜਾ ਸਕਦਾ ਹੈ।

ਸਿਮਰਤ ਸਿੰਘ, ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ,
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਮੋ. 9815793196

# ਸਜਾਵਟੀ ਬੂਟਿਆਂ ਲਈ ਮਿੱਟੀ ਦਾ ਮਿਸ਼ਰਣ ਅਤੇ ਪੌਦਿਆਂ ਦੀ ਲਵਾਈ ਦੇ ਢੰਗ

**ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੀ ਜ਼ਮੀਨ ਵਿਚ ਲੱਗੇ ਪੌਦਿਆਂ ਨਾਲੋਂ ਵਧੇਰੇ ਪਾਣੀ ਦੀ ਮੰਗ ਰਹਿੰਦੀ ਹੈ ਅਤੇ ਨਾਲ ਹੀ ਸੂਖਮ ਤੱਤਾਂ ਦੀ ਘਾਟ ਜਾਂ ਵਧੇਰੇ ਪਾਣੀ ਰੁੱਕਣ ਕਰਕੇ ਹੋਇਆ ਨੁਕਸਾਨ ਵੀ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੇ ਜ਼ਿਆਦਾ ਅਸਰਦਾਰ ਹੁੰਦਾ ਹੈ। ਇਸ ਲਈ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੇ ਚੰਗੇ ਵਿਕਾਸ ਲਈ ਮਿੱਟੀ ਦੇ ਮਿਸ਼ਰਣ ਦੀ ਗੁਣਵੱਤਾ ਤੇ ਨਿਰਭਰ ਕਰਦੀ ਹੈ। ਇਸ ਲੇਖ ਵਿਚ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਲਈ ਮਿੱਟੀ ਦੇ ਮਿਸ਼ਰਣ ਬਣਾਉਣ ਲਈ ਵਰਤੀ ਜਾਣ ਵਾਲੀ ਸਮਗਰੀ, ਮਿਲਾਉਣ ਦਾ ਢੰਗ ਅਤੇ ਗਮਲਿਆਂ ਵਿਚ ਇਸ ਮਿਸ਼ਰਣ ਨੂੰ ਭਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ ।**

ਜ਼ਮੀਨ ਅਤੇ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਵਿਚ ਆਸਾਨੀ ਨਾਲ ਅੰਤਰ ਦੇਖਿਆ ਜਾ ਸਕਦਾ ਹੈ। ਜ਼ਮੀਨ ਵਿਚ ਲੱਗੇ ਪੌਦਿਆਂ ਦੀਆਂ ਜੜ੍ਹਾਂ ਆਸ ਪਾਸ ਦੀ ਧਰਤੀ ਵਿਚ ਪਸਾਰ ਕਰਕੇ ਆਪਣਾ ਲੋੜ-ਵੰਦ ਪੋਸ਼ਣ ਅਤੇ ਨਮੀਂ ਸੋਕ ਲੈਂਦੀਆਂ ਹਨ। ਪ੍ਰੰਤੂ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਲਈ ਗਮਲੇ ਦੇ ਸੀਮਤ ਖੇਤਰ ਵਿਚ ਪਈ ਮਿੱਟੀ ਤੇ ਹੀ ਨਿਰਭਰ ਹੋਣਾ ਪੈਂਦਾ ਹੈ। ਆਮ ਤੌਰ ਤੇ ਇਹ ਦੇਖਣ ਵਿਚ ਆਉਂਦਾ ਹੈ ਕਿ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੀ ਜ਼ਮੀਨ ਵਿਚ ਲੱਗੇ ਪੌਦਿਆਂ ਨਾਲੋਂ ਵਧੇਰੇ ਪਾਣੀ ਦੀ ਮੰਗ ਰਹਿੰਦੀ ਹੈ ਅਤੇ ਨਾਲ ਹੀ ਸੂਖਮ ਤੱਤਾਂ ਦੀ ਘਾਟ ਜਾਂ ਵਧੇਰੇ ਪਾਣੀ ਰੁੱਕਣ ਕਰਕੇ ਹੋਇਆ ਨੁਕਸਾਨ ਵੀ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੇ ਜ਼ਿਆਦਾ ਅਸਰਦਾਰ ਹੁੰਦਾ ਹੈ। ਇਸ ਲਈ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੇ ਚੰਗੇ ਵਿਕਾਸ ਲਈ ਮਿੱਟੀ ਦੇ ਮਿਸ਼ਰਣ ਦੀ ਗੁਣਵੱਤਾ ਤੇ ਨਿਰਭਰ ਕਰਦੀ ਹੈ। ਇਸ ਲੇਖ ਵਿਚ ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਲਈ ਮਿੱਟੀ ਦੇ ਮਿਸ਼ਰਣ ਬਣਾਉਣ ਲਈ ਵਰਤੀ ਜਾਣ ਵਾਲੀ ਸਮਗਰੀ, ਮਿਲਾਉਣ ਦਾ ਢੰਗ ਅਤੇ ਗਮਲਿਆਂ ਵਿਚ ਇਸ ਮਿਸ਼ਰਣ ਨੂੰ ਭਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ।



ਮਿੱਟੀ



ਰੂੜੀ ਦੀ ਖਾਦ



ਪੱਤਿਆਂ ਦੀ ਖਾਦ



ਕੋਕੋਪੀਟ



ਝੋਨੇ ਦੀ ਫੱਕ



ਪਰਲਾਈਟ

**ਗਮਲਿਆਂ ਦੀ ਮਿੱਟੀ ਵਿਚ ਰਲਾਈ ਜਾਣ ਵਾਲੀ ਸਮਗਰੀ**

### ਗਮਲਿਆਂ ਵਿਚ ਮਿੱਟੀ ਦੇ ਮਿਸ਼ਰਣ ਦੀਆਂ ਵਿਸ਼ੇਸ਼ਤਾਵਾਂ

ਗਮਲਿਆਂ ਵਿਚ ਲੱਗੇ ਸਜਾਵਟੀ ਪੌਦਿਆਂ ਦੇ ਚੰਗੇ ਵਿਕਾਸ ਲਈ ਮਿੱਟੀ ਦੇ ਮਿਸ਼ਰਣ ਵਿਚ ਨਿਮਨ-ਲਿਖਤ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ :

ੳ) ਮਿੱਟੀ ਦੇ ਮਿਸ਼ਰਣ ਉਪਜਾਊ ਅਤੇ ਪਾਣੀ ਦੇ ਚੰਗਾ ਨਿਕਾਸ ਹੋਵੇ।

ਅ) ਮਿੱਟੀ ਅਤੇ ਖਾਦ ਦੀ ਮਾਤਰਾ 2:1 ਅਨੁਪਾਤ ਵਿਚ ਹੋਵੇ (ਵਾਲਿਅਮ ਦੇ ਆਧਾਰ ਤੇ)

ੲ) ਓਜੈਵਿਕ ਖਾਦ ਪੂਰੀ ਤਰ੍ਹਾਂ ਗਲ੍ਹੀ-ਸੜੀ ਹੋਵੇ।

ਸ) ਖਾਦ ਅਤੇ ਮਿੱਟੀ ਦਾ ਮਿਸ਼ਰਣ ਭੁਰਭੁਰਾ ਅਤੇ ਹਲਕਾ ਹੋਵੇ।

ਹ) ਨਮੀਂ ਸੋਕ ਕੇ ਰੱਖਣ ਦੀ ਸ਼ਮਤਾ ਹੋਵੇ।

ਕ) ਪੌਦਿਆਂ ਨੂੰ ਜਕੜ ਕੇ ਸਹਾਰਾ ਦੇਣ ਯੋਗ ਹੋਵੇ।

ਖ) ਮਿਸ਼ਰਣ ਵਿਚ 25% ਤੱਕ ਵਾਯੂ ਸੁਰਾਖ ਹੋਣ।

ਗ) ਰੋੜ-ਕੰਕਰ ਅਤੇ ਪਲਾਸਟਿਕ ਰਹਿਤ ਹੋਵੇ।

### ਗਮਲਿਆਂ ਦੀ ਮਿੱਟੀ ਵਿਚ ਵਰਤੀ ਜਾਣ ਵਾਲੀ ਸਮਗਰੀ

ਗਮਲਿਆਂ ਦੀ ਮਿੱਟੀ ਵਿਚ ਉਪਰੋਕਤ ਦਿੱਤੀਆਂ ਵਿਸ਼ੇਸ਼ਤਾਵਾਂ ਪੂਰੀਆਂ ਕਰਨ ਲਈ ਵੱਖ-ਵੱਖ ਸਮੱਗਰੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਹਿਲਾਂ ਤਾਂ ਮਿੱਟੀ ਰੇਤਲੀ ਮੈਰਾ ਅਤੇ ਉਪਜਾਊ ਹੋਣੀ ਚਾਹੀਦੀ ਹੈ। ਭਾਰੀ ਜ਼ਮੀਨ ਦੀ ਮਿੱਟੀ ਵਿਚ ਜੈਵਿਕ ਖਾਦ (ਗਲ੍ਹੀ-ਸੜ੍ਹੀ ਰੂੜੀ/ਵਰਮੀ ਕੰਪੋਸਟ/ਪੱਤਿਆਂ ਦੀ ਖਾਦ) ਰਲਾਉਣੀ ਚਾਹੀਦੀ ਹੈ ਜੋ ਕਿ ਬੂਟਿਆਂ ਨੂੰ ਸੂਖਮ ਖੁਰਾਕੀ ਤੱਤ ਪ੍ਰਦਾਨ ਕਰਦੀ ਹੈ। ਮਿੱਟੀ ਵਿਚ ਪਾਣੀ ਦੀ ਨਿਕਾਸੀ ਲਈ ਝੋਨੇ ਦੀ ਫੱਕ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ ਜਿਸਦੀ ਮਾਤਰਾ 1/4 ਰੱਖ ਕੇ ਮਿਸ਼ਰਣ ਵਿਚ ਰਲਾਉਣੀ ਚਾਹੀਦੀ ਹੈ ਤਾਂ ਜੋ ਵਾਯੂ ਸੁਰਾਖ ਦੁਆਰਾ ਵਾਧੂ ਪਾਣੀ ਦਾ ਚੰਗਾ ਨਿਕਾਸ ਹੋ ਸਕੇ। ਗਮਲਿਆਂ ਦੀ ਮਿੱਟੀ ਵਿਚ ਨਮੀਂ ਬਣਾਈ ਰੱਖਣ ਲਈ ਨਾਰੀਅਲ ਦਾ ਬੁਰਾਦਾ (ਕੋਕੋਪੀਟ / ਕੋਆਇਰ) ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ, ਪ੍ਰੰਤੂ 1.5-2.0 ਸਾਲ ਵਿਚ ਇਹ ਮਿੱਟੀ ਵਿਚ ਪੂਰੀ ਤਰ੍ਹਾਂ ਵਿਘਟਤ ਹੋ ਜਾਂਦੀ ਹੈ ਅਤੇ ਮੁੜ ਤੋਂ ਫੇਰ ਇਸ ਨੂੰ ਨਵੇਂ ਬਣਾਏ ਮਿਸ਼ਰਣ ਵਿਚ ਪਾਉਣਾ ਪੈਂਦਾ ਹੈ। ਹੈਗਿੰਗ ਬਾਸਕਿਟ ਜਾਂ ਛੱਤ ਨਾਲ ਲਮਕਣ ਵਾਲੇ ਗਮਲਿਆਂ ਦੇ ਮਿਸ਼ਰਣ ਵਿਚ ਪਰਲਾਈਟ (ਚਿੱਤਰ ਦੇਖੋ) ਵੀ ਪਾਇਆ ਜਾ ਸਕਦਾ ਹੈ ਜੋ ਕਿ ਸਫੈਦ ਰੰਗ ਦਾ ਦਾਣੇਦਾਰ ਪਦਾਰਥ ਹੁੰਦਾ ਹੈ ਅਤੇ ਵਜਨ ਵਿਚ ਬਹੁਤ ਹਲਕਾ ਵੀ ਹੁੰਦਾ ਹੈ।

ਉਪਰੋਕਤ ਦਸੀ ਗਈ ਸਮੱਗਰੀ ਨੂੰ ਵਾਲੀਅਮ ਦੇ ਅਧਾਰ ਤੇ ਵੱਖ-ਵੱਖ ਅਨੁਪਾਤ ਵਿਚ ਇਕੱਠਾ ਕਰਕੇ ਚੰਗੀ ਤਰ੍ਹਾਂ ਰਲਾਓ। ਗਮਲਿਆਂ ਵਿਚ ਮਿੱਟੀ ਦਾ ਮਿੱਟੀ ਦਾ ਮਿਸ਼ਰਣ ਭਰਨ ਤੋਂ ਪਹਿਲਾਂ ਗਮਲਿਆਂ ਹੇਠ ਸੁਰਾਖ ਹੋਣਾ ਨਿਸ਼ਚਿਤ ਕਰੋ। ਇਹ ਮਿਸ਼ਰਣ ਭਰਨ ਤੋਂ ਪਹਿਲਾਂ ਗਮਲਿਆਂ ਨੂੰ ਅੰਦਰੋਂ ਅ਼ਤੇ ਬਾਹਰੋਂ ਚੰਗੀ ਤਰ੍ਹਾਂ ਗਿੱਟੀ ਜਾਂ ਪੱਥਰ ਨਾਲ ਸਾਫ ਕਰ ਲਵੋ। ਧਿਆਨ ਰੱਖਿਆ ਜਾਵੇ ਕਿ ਇਸ ਮਿਸ਼ਰਣ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਨਾ ਹੋਵੇ ਅਤੇ ਹਥੇਲੀ ਵਿਚ ਇਸ ਮਿਸ਼ਰਣ ਨੂੰ ਘੁੱਟ ਕੇ ਹਥੇਲੀ ਖੋਲਣ ਨਾਲ ਇਸਦੀ ਬਾਲ ਭੁਰ ਜਾਵੇ। ਕਹੀ ਜਾਂ ਕਿਸੇ ਵੀ ਪਲਾਸਟਿਕ ਦੇ ਕੱਪ ਨਾਲ ਇਸ ਮਿਸ਼ਰਣ ਨੂੰ ਵਾਰੀ-ਵਾਰੀ ਪਾਓ ਅਤੇ ਹਮਲੇ ਨੂੰ ਹਲਕਾ-ਹਲਕਾ ਜ਼ਮੀਨ ਤੇ ਟੈਪ ਕਰੋ ਤਾਂ ਜੋ ਮਿਸ਼ਰਣ ਇਕ ਸਮਾਨ ਗਮਲੇ ਵਿਚ ਇਕਸਾਰ ਦਬਾਵ ਨਾਲ ਭਰਿਆ ਜਾ ਸਕੇ।

### ਪੌਦ ਦੀ ਲਵਾਈ

ਪੌਦਿਆਂ ਦੀ ਚੋਣ ਉਨ੍ਹਾਂ ਦੇ ਪੱਤਿਆਂ/ਫੁੱਲਾਂ ਦੇ ਰੰਗ ਦੇ ਆਧਾਰ ਤੇ ਜਾਂ ਗਮਲੇ ਦੇ ਸਾਈਜ਼/ਮਾਪ ਦੇ ਆਧਾਰ ਤੇ ਕੀਤੀ ਜਾਂਦੀ ਹੈ। ਗਮਲਿਆਂ ਵਿਚ ਸਜਾਵਟੀ ਪੌਦਿਆਂ ਨੂੰ ਬਰਸਾਤ ਦੇ ਮਹੀਨਿਆਂ ਦੌਰਾਨ ਲਗਾਉਣ ਨਾਲ ਪੌਦੇ ਜਲਦੀ ਸਥਾਪਿਤ ਹੋ ਜਾਂਦੇ ਹਨ ਅਤੇ ਜੜ੍ਹਾਂ ਆਪਣੀ ਪਕੜ ਬਣਾ ਲੈਂਦੀਆਂ ਹਨ। ਪੌਦੇ ਲਗਾਉਂਦੇ ਸਮੇਂ ਪੌਦੇ ਦੀ ਗਾਚੀ ਨੂੰ ਚੰਗੀ ਤਰ੍ਹਾਂ ਗਮਲੇ ਦੀ ਮਿੱਟੀ ਖੁਰਪੇ ਦੇ ਹੈਂਡਲ ਨਾਲ ਘੁੱਟ ਕੇ ਲਗਾਓ। ਪੌਦਾ ਲਗਾਉਣ ਉਪਰੰਤ ਫੁਆਰੇ ਨਾਲ ਪਾਣੀ ਦਿਓ ਅਤੇ ਗਮਲੇ ਨੂੰ 3-4 ਦਿਨਾਂ ਲਈ ਹਵਾਦਾਰ ਜਗ੍ਹਾ ਤੇ ਛਾਂਵੇ ਰੱਖ ਦਿਓ। ਜਦੋਂ ਪੌਦੇ ਵੱਧਣ ਲੱਗ ਪਵੇ, ਗਮਲਿਆਂ ਨੂੰ ਪੌਦਿਆਂ ਦੀ ਕਿਸਮ (ਫੁੱਲ ਜਾਂ ਪੱਤੇਦਾਰ) ਦੇ ਅਧਾਰ ਤੇ ਧੁੱਪ ਜਾਂ ਰੋਸ਼ਨੀ ਵਾਲੀ ਜਗ੍ਹਾ ਤੇ ਰੱਖੋ।

### ਰਿਪੋਟਿੰਗ

ਗਮਲਿਆਂ ਵਿਚ ਪੁਰਾਣੇ ਲੱਗੇ ਪੌਦਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਕਈ ਵਾਰ ਪੱਤੇ ਪੀਲੇ ਵੀ ਹੋ ਜਾਂਦੇ ਹਨ। ਕਾਰਨ ਵਜੋਂ ਮਿੱਟੀ ਵਿਚ ਸੂਖਮ ਤੱਤਾਂ ਦੀ ਘਾਟ ਜਾਂ ਜੜ੍ਹਾਂ ਦਾ ਗੁੱਛਾ ਬਣ ਜਾਂਦਾ ਹੈ ਅਤੇ ਗਮਲੇ ਦੀ ਸੀਮਿਤ ਮਿੱਟੀ ਵਿਚ ਇਸਦਾ ਵਾਧਾ ਰੁੱਕ ਜਾਂਦਾ ਹੈ। ਬਰਸਾਤ ਰੁੱਤ ਦੌਰਾਨ ਅਜਿਹੇ ਪੌਦਿਆਂ ਨੂੰ ਗਮਲਿਆਂ ਵਿਚੋਂ ਕੱਢ ਕੇ ਇਨ੍ਹਾਂ ਦੀ ਕਿਸਮ ਦੇ ਅਧਾਰ ਕੇ ਇਨ੍ਹਾਂ ਨੂੰ ਨਿਖੇੜ ਕੇ ਜਾਂ ਕਲਮਾਂ ਬਣਾ ਕੇ ਨਵੇਂ ਪੌਦੇ ਤਿਆਰ ਕੀਤੇ ਜਾ ਸਕਦੇ ਹਨ। ਧਿਆਨ ਰੱਖਿਆ ਜਾਵੇ ਕਿ ਜੇਕਰ ਇਹੀ ਪੌਦਾ ਨਵੇਂ ਗਮਲੇ ਵਿਚ ਬਦਲਣਾ ਹੈ ਤਾਂ ਇਸ ਗਮਲੇ ਦਾ ਸਾਈਜ਼ ਘੱਟੋ ਘੱਟ ਗਮਲੇ ਨਾਲੋਂ 2 ਇੰਚ ਹੋਵੇ ਤਾਂ ਜੋ ਅਗਲੇ 2-3 ਸਾਲ ਤੱਕ ਪੌਦੇ ਦੀ ਰਿਪੋਟਿੰਗ ਨਾ ਕਰਨੀ ਪਵੇ।



ਮਿੱਟੀ ਦੇ ਗਮਲਿਆਂ ਦੇ ਵੱਖ-ਵੱਖ ਸਾਈਜ਼ (ਇੰਚ ਵਿੱਚ)








# ਕੀ ਵਿਰੋਧੀ ਧਿਰ ਹੋਰ ਕਮਜ਼ੋਰ ਹੋ ਜਾਵੇਗੀ





ਡਾ. ਰਣਜੀਤ ਸਿੰਘ

**ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ। ਇਥੇ ਸਰਕਾਰ ਦੀ ਪਾਰਲੀਮਾਨੀ ਪ੍ਰਨਾਲੀ ਹੈ। ਲੋਕ ਆਪਣੇ ਨੁਮਾਇੰਦੇ ਵੋਟਾਂ ਰਾਹੀਂ ਚੁਣ ਕੇ ਲੋਕ ਸਭਾ ਵਿਚ ਭੇਜਦੇ ਹਨ। ਦੇਸ਼ ਦੇ ਰਾਜ ਪ੍ਰਬੰਧ ਨੂੰ ਚਲਾਉਣ ਦੇ ਢੰਗ ਤਰੀਕਿਆਂ ਦੀ ਸੋਚ ਆਧਾਰਿਤ ਰਾਜਨੀਤਕ ਪਾਰਟੀਆਂ ਹੋਂਦ ਵਿਚ ਆਉਂਦੀਆਂ ਹਨ। ਲੋਕਾਂ ਨੂੰ ਜਿਸ ਪਾਰਟੀ ਦੀ ਸੋਚ ਅਤੇ ਪ੍ਰੋਗਰਾਮ ਪ੍ਰਭਾਵਿਤ ਕਰਦੇ ਹਨ ਉਹ ਉਸੇ ਪਾਰਟੀ ਨੂੰ ਸੱਤਾ ਸੌਂਪ ਦਿੰਦੇ ਹਨ। ਪਰ ਪਿਛਲੇ ਕੁਝ ਸਮੇਂ ਤੋਂ ਰਾਜਨੀਤਕ ਪਾਰਟੀਆਂ ਆਪਣੀ ਸੋਚ ਅਤੇ ਪ੍ਰੋਗਰਾਮਾਂ ਤੋਂ ਥਿੜਕ ਗਈਆਂ ਹਨ।**

ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਚੋਣ ਪ੍ਰਚਾਰ ਵਿਚ ਤੇਜ਼ੀ ਆ ਗਈ ਹੈ। ਭਾਰਤੀ ਜਨਤਾ ਪਾਰਟੀ ਜਾਂ ਆਖ ਲਵੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਚਾਰ ਦੀ ਹਨੇਰੀ ਵਗਾਈ ਹੋਈ ਹੈ। ਇਸ ਪਾਰਟੀ ਕੋਲ ਮਾਇਕ ਅਤੇ ਮਨੁੱਖੀ ਵਸੀਲੇ ਦੋਵੇਂ ਹੀ ਹਨ। ਪਾਰਟੀ ਅੰਦਰ ਪੂਰਾ ਅਨੁਸ਼ਾਸਨ ਵੀ ਹੈ, ਕਿਸੇ ਵੀ ਲੀਡਰ ਵਿਚ ਇਤਨੀ ਹਿੰਮਤ ਨਹੀਂ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਸਾਹਮਣੇ ਮੂੰਹ ਖੋਲ੍ਹ ਸਕੇ। ਅਜਿਹਾ ਹੋਰ ਕਿਸੇ ਰਾਜਸੀ ਪਾਰਟੀ ਕੋਲ ਨਹੀਂ ਹੈ। ਕੌਮੀ ਪੱਧਰ ਉੱਤੇ ਦੂਜੀ ਸਭ ਤੋਂ ਪੁਰਾਣੀ ਰਾਜਸੀ ਪਾਰਟੀ ਕਾਂਗਰਸ ਹੈ। ਉਸ ਕੋਲ ਮਾਇਕ ਅਤੇ ਮਨੁੱਖੀ ਵਸੀਲਿਆਂ ਦੀ ਘਾਟ ਹੈ। ਮੋਦੀ ਵਰਗਾ ਕੋਈ ਕੌਮੀ ਪੱਧਰ ਉੱਤੇ ਪ੍ਰਭਾਵਸ਼ਾਲੀ ਲੀਡਰ ਵੀ ਨਹੀਂ ਹੈ। ਉਸ ਵੱਲੋਂ ਦੂਜੀਆਂ ਪਾਰਟੀਆਂ ਨਾਲ ਇੰਡੀਆ ਨਾਲ ਹੇਠ ਗਠਜੋੜ ਬਣਾਉਣ ਦਾ ਯਤਨ ਕੀਤਾ ਗਿਆ ਹੈ। ਪਰ ਇਸ ਗਠਜੋੜ ਵਿਚੋਂ ਵੀ ਸਹਿਯੋਗੀ ਕਿਰ ਰਹੇ ਹਨ। ਪੰਜਾਬ ਅਤੇ ਬੰਗਾਲ ਵਿਚ ਗਠਜੋੜ ਖਤਮ ਹੋ ਗਿਆ ਹੈ। ਬਿਹਾਰ ਵਿਚ ਇਸ ਗਠਜੋੜ ਦਾ ਮੋਢੀ ਨਿਤੀਸ਼ ਕੁਮਾਰ ਆਪ ਭਾਜਪਾ ਦੀ ਝੋਲੀ ਵਿਚ ਚਲਾ ਗਿਆ ਹੈ। ਭਾਜਪਾ ਕੋਲ ਮਾਇਕ ਵਸੀਲਿਆਂ ਦੇ ਨਾਲੋਂ ਨਾਲ ਸਰਕਾਰੀ ਸ਼ਕਤੀ ਵੀ ਹੈ। ਸਾਡੇ ਬਹੁਤੇ ਲੀਡਰ ਦੁੱਧ ਧੋਤੇ ਤਾਂ ਨਹੀਂ ਹਨ। ਉਹ ਡਰਦੇ ਮਾਰੇ ਜਾਂ ਲਾਲਚ ਵਿਚ ਕਾਂਗਰਸ ਨੂੰ ਛੱਡ ਰਹੇ ਹਨ। ਉੱਧਰ ਭਾਜਪਾ ਨੇ ਇਸ ਵਾਰ ਚਾਰ ਦਾ ਅੰਕੜਾ ਪਾਰ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਜੇਕਰ ਭਾਜਪਾ ਆਪਣੇ ਮਨਸੂਬਿਆਂ ਵਿਚ ਸਫਲ ਹੋ ਜਾਂਦੀ ਹੈ ਤਾਂ ਕੇਂਦਰ ਵਿਚ ਵਿਰੋਧੀ ਧਿਰ ਬਹੁਤ ਕਮਜ਼ੋਰ ਹੋ ਜਾਵੇਗੀ ਜਿਹੜੀ ਕਿ ਲੋਕਰਾਜ ਦੇ ਹਿੱਤ ਵਿਚ ਨਹੀਂ ਹੈ। ਲੋਕਰਾਜ ਦੀ ਸਫਲਤਾ ਲਈ ਇਕ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਤਾਂ ਜੋ ਸੱਤਾਧਾਰੀ ਪਾਰਟੀ ਨੂੰ ਆਪਣੀ ਮਨਮਰਜ਼ੀ ਕਰਨ ਤੋਂ ਰੋਕਿਆ ਜਾ ਸਕੇ। ਸੱਤਾਧਾਰੀ ਧਿਰ ਦੀਆਂ ਗਲਤ ਨੀਤੀਆਂ ਬਾਰੇ ਵਿਰੋਧੀ ਧਿਰ ਹੀ ਮੂੰਹ ਖੋਲ ਸਕਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਨਵਾਂ ਬਿਲ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਵਿਰੋਧੀ ਧਿਰ ਉਸ ਵਿਚਲੀਆਂ ਕਮੀਆਂ ਦੀ ਸਮੀਖਿਆ ਕਰ ਸਕਦੀ ਹੈ। ਲੋਕ ਰਾਜ ਦੀ ਮਜ਼ਬੂਤੀ ਲਈ ਅਜਿਹਾ ਹੋਣਾ ਬਹੁਤ ਜ਼ਰੂਰੀ ਹੈ। ਪਰ ਹੁਣ ਪਾਰਲੀਮੈਂਟ ਵਿਚ ਅਜਿਹਾ ਨਹੀਂ ਹੋ ਰਿਹਾ ਹੈ। ਵਿਰੋਧੀ ਧਿਰ ਕਮਜ਼ੋਰ ਹੈ। ਉਹ ਆਪਣੇ ਹੱਕਾਂ ਲਈ ਕੋਈ ਵੀ ਮੁੱਦਾ ਲੈ ਕੇ ਪਾਰਲੀਮੈਂਟ ਦੇ ਕੰਮਕਾਜ ਨੂੰ ਰੋਕਦੀ ਹੈ ਤੇ ਮੁੜ ਬਾਹਰ ਚਲੀ ਜਾਂਦੀ ਹੈ। ਸੰਬੰਧਿਤ ਵਜੀਰ ਆਪਣੀ ਬਿਲ ਪੇਸ਼ ਕਰਦਾ ਹੈ ਜਿਸ ਉੱਤੇ ਬਿਨਾਂ ਕੋਈ ਚਰਚਾ ਕੀਤਿਆਂ ਪਾਸ ਕਰ ਦਿੱਤਾ ਜਾਂਦਾ ਹੈ। ਇੰਝ ਕਈ ਵਾਰ ਅਜੇਹੇ ਬਿਲਾਂ ਦਾ ਲੋਕਾਂ ਵੱਲੋਂ ਸਖਤ ਵਿਰੋਧ ਕੀਤਾ ਜਾਂਦਾ ਹੈ।

ਭਾਰਤੀ ਜਨਤਾ ਪਾਰਟੀ ਵਲੋਂ ਕਾਂਗਰਸ ਮੁਕਤ ਭਾਰਤ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਨਿਤ ਕਾਂਗਰਸ ਦੇ ਪੁਰਾਣੇ ਲੀਡਰ ਇਥੋਂ ਤਕ ਕਿ ਮੌਜੂਦਾ ਮੈਂਬਰ ਪਾਰਲੀਮੈਂਟ ਵੀ ਕਾਂਗਰਸ ਤੋਂ ਮੁੱਖ ਮੋੜ ਬੀਜੇਪੀ ਵਿਚ ਸ਼ਾਮਿਲ ਹੋ ਰਹੇ ਹਨ। ਇਸ ਦਾ ਭਾਵ ਹੈ ਕਿ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਦਾ ਅੰਤ ਕਰਕੇ ਇਕ ਪਾਰਟੀ ਹੀ ਰਹਿ ਜਾਵੇਗੀ। ਇਹ ਇਕ ਤਰ੍ਹਾਂ ਨਾਲ ਤਾਨਾਸ਼ਾਹੀ ਵਾਲਾ ਰਾਜ ਹੋ ਜਾਵੇਗੀ। ਲੋਕਰਾਜ ਵਿਚ ਸਰਕਾਰ ਦੇ ਸੁਚਾਰੂ ਢੰਗ ਨਾਲ ਚੱਲਣ ਲਈ ਸੰਸਦ ਵਿਚ ਇਕ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਪੈਂਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸੱਤਾਧਾਰੀ ਪਾਰਟੀ ਨੂੰ ਆਪਣੀ ਮਨਮਰਜ਼ੀ ਦਾ ਮੌਕਾ ਮਿਲ ਜਾਂਦਾ ਹੈ। ਪਾਰਲੀਮੈਂਟ ਵਿਚ ਸੁਚਾਰੂ ਬਹਿਸ ਨਹੀਂ ਹੁੰਦੀ, ਸਰਕਾਰ ਆਪਣੀ ਮਰਜ਼ੀ ਨਾਲ ਕਿਸੇ ਵੀ ਬਿੱਲ ਨੂੰ ਸਦਨ ਵਿਚ ਧੱਕੇ ਨਾਲ ਪਾਸ ਕਰਵਾ ਸਕਦੀ ਹੈ।

ਹੁਣ ਤਾਂ ਸਰਕਾਰ ਕੋਲ ਏਨੀ ਤਾਕਤ ਹੋ ਗਈ ਹੈ ਕਿ ਉਹ ਲੋੜ ਅਨੁਸਾਰ ਸੰਵਿਧਾਨ ਵਿਚ ਵੀ ਸੋਧ ਕਰ ਸਕਦੀ ਹੈ। ਸੰਵਿਧਾਨ ਵਿਚ ਕੀਤੀਆਂ ਸੋਧਾਂ ਨਾਲ ਇਸ ਦੇ ਮੁਢਲੇ ਅਸੂਲਾਂ ਨੂੰ ਠੇਸ ਪਹੁੰਚ ਸਕਦੀ ਹੈ। ਪਿਛਲੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਸੰਪੂਰਨ ਬਹੁਮੱਤ ਪ੍ਰਾਪਤ ਹੋ ਗਿਆ ਸੀ। ਲੋਕ ਸਭਾ ਵਿਚ ਇਸ ਕੋਲ ਪੂਰੀ ਸ਼ਕਤੀ ਸੀ। ਵਿਰੋਧੀ ਧਿਰ ਏਨੀ ਕਮਜ਼ੋਰ ਹੋ ਗਈ ਸੀ ਕਿ ਕਿਸੇ ਪਾਰਟੀ ਕੋਲ ਮੈਂਬਰਾਂ ਦੀ ਏਨੀ ਗਿਣਤੀ ਨਹੀਂ ਸੀ ਕਿ ਉਸ ਨੂੰ ਵਿਰੋਧੀ ਧਿਰ ਦੀ ਮਾਨਤਾ ਪ੍ਰਾਪਤ ਹੋ ਸਕੇ। ਮੋਦੀ ਸਾਹਿਬ ਨੇ ਆਪਣੇ ਨਾਂਅ ਅਤੇ ਪ੍ਰਚਾਰ ਦੀ ਅਜਿਹੀ ਹਨੇਰੀ ਚਲਾਈ ਹੈ ਕਿ ਉਹ ਪਿਛਲੀ ਵਾਰ ਨਾਲੋਂ ਵੀ ਵਧੇਰੇ ਮਜ਼ਬੂਤ ਬਣ ਜਾਣਗੇ। ਵਿਰੋਧੀ ਧਿਰ ਲਈ ਇਸ ਹਨੇਰੀ ਦਾ ਮੁਕਾਬਲਾ ਕਰਨਾ ਔਖਾ ਹੈ।

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ। ਇਥੇ ਸਰਕਾਰ ਦੀ ਪਾਰਲੀਮਾਨੀ ਪ੍ਰਨਾਲੀ ਹੈ। ਲੋਕ ਆਪਣੇ ਨੁਮਾਇੰਦੇ ਵੋਟਾਂ ਰਾਹੀਂ ਚੁਣ ਕੇ ਲੋਕ ਸਭਾ ਵਿਚ ਭੇਜਦੇ ਹਨ। ਦੇਸ਼ ਦੇ ਰਾਜ ਪ੍ਰਬੰਧ ਨੂੰ ਚਲਾਉਣ ਦੇ ਢੰਗ ਤਰੀਕਿਆਂ ਦੀ ਸੋਚ ਆਧਾਰਿਤ ਰਾਜਨੀਤਕ ਪਾਰਟੀਆਂ ਹੋਂਦ ਵਿਚ ਆਉਂਦੀਆਂ ਹਨ। ਲੋਕਾਂ ਨੂੰ ਜਿਸ ਪਾਰਟੀ ਦੀ ਸੋਚ ਅਤੇ ਪ੍ਰੋਗਰਾਮ ਪ੍ਰਭਾਵਿਤ ਕਰਦੇ ਹਨ ਉਹ ਉਸੇ ਪਾਰਟੀ ਨੂੰ ਸੱਤਾ ਸੌਂਪ ਦਿੰਦੇ ਹਨ। ਪਰ ਪਿਛਲੇ ਕੁਝ ਸਮੇਂ ਤੋਂ ਰਾਜਨੀਤਕ ਪਾਰਟੀਆਂ ਆਪਣੀ ਸੋਚ ਅਤੇ ਪ੍ਰੋਗਰਾਮਾਂ ਤੋਂ ਥਿੜਕ ਗਈਆਂ ਹਨ। ਇਨ੍ਹਾਂ ਵਿਚੋਂ ਕੇਵਲ ਭਾਰਤੀ ਜਨਤਾ ਪਾਰਟੀ ਹੀ ਹੈ ਜਿਹੜੀ ਆਪਣੀ ਸੋਚ ਅਤੇ ਏਜੰਡੇ ਨਾਲ ਜੁੜੀ ਹੋਈ ਹੈ। ਇਸ ਸੋਚ ਨੂੰ ਪ੍ਰਚਾਰਨ ਅਤੇ ਵਿਰੋਧੀਆਂ ਦਾ ਮੂੰਹ ਬੰਦ ਕਰਨ ਦੀ ਜਾਂਚ ਵੀ ਇਸ ਨੂੰ ਆਉਂਦੀ ਹੈ। ਇਸੇ ਕਰਕੇ ਇਹ ਪਾਰਟੀ ਦੇਸ਼ ਵਿਚ ਦੂਜੀ ਵਾਰ ਬਹੁਮੱਤ ਪ੍ਰਾਪਤ ਕਰ ਸਕੀ ਹੈ। ਕਾਂਗਰਸ ਪਾਰਟੀ ਹੈ ਪਰ ਸਮੇਂ ਦੇ ਬੀਤਣ ਨਾਲ ਇਹ ਪਾਰਟੀ ਨਾ ਤਾਂ ਪ੍ਰਭਾਵਸ਼ਾਲੀ ਲੀਡਰਸ਼ਿਪ ਵਿਕਸਤ ਕਰ ਸਕੀ ਹੈ ਅਤੇ ਨਾ ਹੀ ਪਾਰਟੀ ਆਪਣੀ ਸੋਚ ਉੱਤੇ ਪਹਿਰਾ ਦੇ ਸਕੀ ਹੈ। ਸਥਾਨਿਕ ਪੱਧਰ ਉੱਤੇ ਇਸ ਕੋਲ ਸਮਰਪਿਤ ਕਾਮੇ ਵੀ ਨਹੀਂ ਹਨ। ਚੋਣਾਂ ਦੌਰਾਨ ਆਪਣਾ ਕੋਈ ਠੋਸ ਪ੍ਰੋਗਰਾਮ ਦੇਣ ਦੀ ਥਾਂ ਪ੍ਰਧਾਨ ਮੰਤਰੀ ਦੀਆਂ ਕਮੀਆਂ ਨੂੰ ਹੀ ਉਜਾਗਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਹੁਣ ਤੱਕ ਆਮ ਕਰਕੇ ਪਾਰਟੀ ਦੀ ਸੋਚ ਅਤੇ ਉਮੀਦਵਾਰ ਦੇ ਗੁਣਾਂ ਤੇ ਉਸਦੇ ਕੀਤੇ ਕੰਮਾਂ ਨੂੰ ਮੁੱਖ ਰੱਖ ਕੇ ਚੋਣ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ। ਲੋਕੀਂ ਵੀ ਵੋਟ ਪਾਉਣ ਸਮੇਂ ਇਨ੍ਹਾਂ ਦੋ ਆਧਾਰਾਂ ਨੂੰ ਹੀ ਮੁੱਖ ਰੱਖਦੇ ਸਨ ਪਰ ਇਸ ਵਾਰ ਅਜਿਹਾ ਨਹੀਂ ਹੋ ਰਿਹਾ। ਸਾਰਾ ਪ੍ਰਚਾਰ ਦੋ ਸ਼ਖਸੀਆਂ ਤੇ ਆਧਾਰਿਤ ਹੋ ਗਿਆ ਹੈ। ਇਸ ਦਾ ਭਾਵ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਫੈਸਲਾ ਪਹਿਲਾਂ ਕਰ ਦਿੱਤਾ ਗਿਆ ਹੈ। ਮੌਜੂਦਾ ਸੱਤਾਧਾਰੀ ਪਾਰਟੀ ਵਲੋਂ ਆਪਣੀ ਪਾਰਟੀ ਦੀ ਚਰਚਾ ਨਹੀਂ ਕੀਤੀ ਜਾ ਰਹੀ ਸਗੋਂ ਇਹ ਆਖਿਆ ਜਾ ਰਿਹਾ ਹੈ ਕਿ ਹੋਰ ਇਕ ਵਾਰ ਮੋਦੀ ਸਰਕਾਰ। ਮੀਡੀਆ ਵੀ ਇਸੇ ਰਾਹ ਤੁਰਿਆ ਹੈ। ਉਸ ਨੇ ਚੋਣਾਂ ਨੂੰ ਦੰਗਲ ਦਾ ਨਾਂਅ ਦਿੱਤਾ ਤੇ ਮੋਦੀ ਅਤੇ ਰਾਹੁਲ ਗਾਂਧੀ ਵਿਚਕਾਰ ਕੁਸ਼ਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਮੀਡੀਆ ਨੇ ਚੋਣਾਂ ਨੂੰ ਲੜਾਈ ਦਾ ਨਾਂਅ ਵੀ ਦਿੱਤਾ ਹੈ। ਕੀ ਲੋਕ ਸਭਾ ਲਈ ਚੋਣਾਂ ਦੋ ਵਿਅਕਤੀਆਂ ਵਿਚ ਦੰਗਲ, ਲੜਾਈ ਜਾਂ ਜੰਗ ਹੁੰਦੀਆਂ ਹਨ? ਦੇਸ਼ ਦੀ ਵਾਗਡੋਰ ਸੰਭਾਲਨ ਲਈ ਨਵੀਂ ਸਰਕਾਰ ਦੀ ਚੋਣ ਦੇਸ਼ ਦੇ ਨਾਗਰਿਕ ਕਰਦੇ ਹਨ। ਉਹ ਲੜਾਈ ਨਹੀਂ ਕਰਦੇ ਜਾਂ ਹੋ ਰਹੇ ਦੰਗਲ ਦੇ ਦਰਸ਼ਕ ਨਹੀਂ ਹਨ। ਜਦੋਂ ਅਸੀਂ ਚੋਣਾਂ ਨੂੰ ਲੜਾਈ ਦਾ ਨਾਂਅ ਦਿੰਦੇ ਹਾਂ ਤਾਂ ਅਸੀਂ ਨਫਰਤ ਦੇ ਬੀਜ ਬੀਜਦੇ ਹਾਂ। ਜੰਗ ਸਮਝ ਕੇ ਹੀ ਚੋਣਾਂ ਜਿੱਤਣ ਲਈ ਸਾਰੀਆਂ ਧਿਰਾਂ ਵਲੋਂ ਬਹੁਤ ਹੀ ਗਲਤ ਢੰਗ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਇਕ ਦੂਜੇ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਨਿੱਜੀ ਜੀਵਨ ਦੀ ਚੀਰ ਫਾੜ ਹੋ ਰਹੀ ਹੈ। ਜੇਕਰ ਕੁਝ ਨਹੀਂ ਵੀ ਮਿਲਦਾ ਤਾਂ ਮਨਘੜਤ ਕਹਾਣੀਆਂ ਘੜੀਆਂ ਜਾ ਰਹੀਆਂ ਹਨ। ਪਾਰਟੀਆਂ ਅਤੇ ਨੀਤੀਆਂ ਵਿਸਾਰੀਆਂ ਗਈਆਂ ਹਨ। ਇੰਝ ਸਾਡਾ ਲੋਕਰਾਜ ਪਾਰਟੀ ਆਧਾਰਿਤ ਰਹਿਣ ਦੀ ਥਾਂ ਵਿਅਕਤੀ ਆਧਾਰਿਤ ਬਣ ਗਿਆ ਹੈ। ਇਸੇ ਸੋਚ ਆਧਾਰਿਤ ਭਾਰਤੀ ਜਨਤਾ ਪਾਰਟੀ ਵਲੋਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਦੇਸ਼ ਵਿਚ ਇਕੋ ਪਾਰਟੀ ਰਹਿ ਜਾਵੇਗੀ ਤੇ ਪ੍ਰਧਾਨ ਮੰਤਰੀ ਇਕ ਤਾਨਾਸ਼ਾਹ ਵਾਂਗ ਕੰਮ ਕਰਨਗੇ।

ਇਹ ਸੋਚ ਦੇਸ਼ ਲਈ ਘਾਤਕ ਹੈ। ਇੰਝ ਲੋਕ ਰਾਜ ਨੂੰ ਖੋਰਾ ਲੱਗੇਗਾ ਤੇ ਇਕ ਵਿਅਕਤੀ ਵਿਸ਼ੇਸ਼ ਤਾਨਾਸ਼ਾਹ ਵਾਂਗ ਸਰਕਾਰ ਚਲਾਵੇਗਾ। ਸਾਡੇ ਦੇਸ਼ ਵਿਚ ਪ੍ਰਧਾਨ ਮੰਤਰੀ ਦੀ ਚੋਣ ਲੋਕ ਸਭਾ ਦੇ ਮੈਂਬਰ ਕਰਦੇ ਹਨ। ਜਿਸ ਦੀ ਰਾਜਨੀਤਕ ਪਾਰਟੀ ਦਾ ਲੋਕ ਸਭਾ ਵਿਚ ਬਹੁਮੱਤ ਹੁੰਦਾ ਹੈ ਉਸ ਦੇ ਲੋਕ ਸਭਾ ਦੇ ਮੈਂਬਰ ਆਪਣੇ ਨੇਤਾ ਦੀ ਚੋਣ ਕਰਦੇ ਹਨ। ਇਹ ਨੇਤਾ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਦੇਸ਼ ਦੀ ਵਾਗਡੋਰ ਸੰਭਾਲਦਾ ਹੈ। ਹੁਣ ਵੇਖਣਾ ਇਹ ਹੈ ਕਿ ਜਦੋਂ ਚੋਣ ਪ੍ਰਚਾਰ ਦਾ ਆਧਾਰ ਪਾਰਟੀ ਦੀਆਂ ਨੀਤੀਆਂ ਅਤੇ ਉਮੀਦਵਾਰਾਂ ਦੇ ਗੁਣਾਂ ਦੀ ਥਾਂ ਇਕ ਵਿਅਕਤੀ ਵਿਸ਼ੇਸ਼ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕੀਤਾ ਜਾਵੇ ਉਦੋਂ ਚੋਣ ਲੜ ਰਹੇ ਉਮੀਦਵਾਰਾਂ ਦੀ ਅਹਿਮੀਅਤ ਘਟ ਜਾਂਦੀ ਹੈ। ਇਹੋ ਸਾਡੇ ਦੇਸ਼ ਵਿਚ ਹੋਇਆ ਹੈ। ਚੋਣ ਜਿੱਤ ਕੇ ਲੋਕ ਸਭਾ ਦੇ ਮੈਂਬਰਾਂ ਦੀ ਆਪਣੇ ਪ੍ਰਧਾਨ ਮੰਤਰੀ ਦੀ ਚੋਣ ਵਿਚ ਕੋਈ ਅਹਿਮੀਅਤ ਨਹੀਂ ਹੈ। ਸਗੋਂ ਪ੍ਰਧਾਨ ਮੰਤਰੀ ਉਲਟਾ ਦਬਦਬਾ ਪਾ ਸਕਦਾ ਹੈ ਕਿ ਮੇਰੇ ਨਾਂਅ ਕਰਕੇ ਹੀ ਤੁਸੀਂ ਚੋਣ ਜਿੱਤ ਸਕੇ ਹੋ। ਜਦੋਂ ਪ੍ਰਧਾਨ ਮੰਤਰੀ ਕੋਈ ਫੈਸਲਾ ਲਵੇਗਾ ਤਾਂ ਕਿਸੇ ਮੈਂਬਰ ਵਿਚ ਵੀ ਏਨੀ ਹਿੰਮਤ ਨਹੀਂ ਹੋਵੇਗੀ ਕਿ ਉਹ ਫੈਸਲੇ ਦਾ ਵਿਰੋਧ ਕਰ ਸਕੇ ਜਾਂ ਆਪਣਾ ਮੂੰਹ ਖੋਲ ਸਕੇ।

ਜੇਕਰ ਪ੍ਰਧਾਨ ਮੰਤਰੀ ਦੀ ਚੋਣ ਮੈਂਬਰਾਂ ਨੇ ਕੀਤੀ ਹੋਵੇ ਉਹ ਖੁੱਲ੍ਹ ਕੇ ਬੋਲ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਹੌਂਸਲਾ ਹੁੰਦਾ ਹੈ ਸਾਡੀ ਸਹਿਮਤੀ ਨਾਲ ਹੀ ਪ੍ਰਧਾਨ ਮੰਤਰੀ ਦੀ ਚੋਣ ਹੋਈ ਹੈ। ਇਸ ਸੋਚ ਦੀ ਪੁਸ਼ਟੀ ਸਰਕਾਰ ਦੀ ਕੰਮਕਾਜੀ ਪਾਰੀ ਤੋਂ ਹੀ ਹੋ ਜਾਂਦੀ ਹੈ। ਵਿਕਾਸ ਦੇ ਬਹੁਤ ਪ੍ਰੋਗਰਾਮ ਪ੍ਰਧਾਨ ਮੰਤਰੀ ਦੀ ਆਪਣੀ ਸੋਚ ਜਾਂ ਉਨ੍ਹਾਂ ਦੇ ਨਿੱਜੀ ਸਲਾਹਕਾਰਾਂ 'ਤੇ ਆਧਾਰਿਤ ਹਨ। ਇਸ ਕਰਕੇ ਉਨ੍ਹਾਂ ਸਾਰਿਆਂ ਦੇ ਅੱਗੇ ਪ੍ਰਧਾਨ ਮੰਤਰੀ ਲੱਗਿਆ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਚੰਗੇ ਮੰਦੇ ਪੱਖਾਂ ਬਾਰੇ ਕਦੇ ਵੀ ਪਾਰਟੀ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਨਹੀਂ ਹੋਇਆ ਕਿਉਂਕਿ ਪਿਛਲੀ ਵਾਰ ਵੀ ਚੋਣਾਂ ਪਾਰਟੀ ਪ੍ਰੋਗਰਾਮ ਦੀ ਥਾਂ ਮੋਦੀ ਦੇ ਨਾਮ ਹੇਠ ਹੀ ਲੜੀਆਂ ਗਈਆਂ ਸਨ। ਇਹ ਸਾਰੇ ਪ੍ਰੋਗਰਾਮ ਵਧੀਆ ਹਨ ਪਰ ਇਹ ਕਹਿਣ ਵਿਚ ਸੰਕੋਚ ਨਹੀਂ ਕੀਤਾ ਜਾ ਸਕਦਾ ਹੈ ਕਿ ਅਮਲੀ ਰੂਪ ਵਿਚ ਮਿੱਥੇ ਟੀਚੇ ਪ੍ਰਾਪਤ ਨਹੀਂ ਕਰ ਸਕੇ। ਕਿਸਾਨਾਂ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ, ਗਰੀਬਾਂ ਦੀ ਗਰੀਬੀ ਘੱਟ ਨਹੀਂ ਹੋ ਸਕੀ। ਸਿਖਲਾਈ ਪ੍ਰਾਪਤ ਬਹੁਤ ਘੱਟ ਨੌਜਵਾਨ ਆਪਣੇ ਧੰਦੇ ਸ਼ੁਰੂ ਕਰ ਸਕੇ ਹਨ। ਬੇਟੀਆਂ ਦੀ ਪੜ੍ਹਾਈ ਵਿਚ ਵੀ ਸੁਧਾਰ ਨਹੀਂ ਹੋਇਆ ਤੇ ਨਾ ਹੀ ਸਨਅਤੀ ਵਿਕਾਸ ਰਾਹੀਂ ਰੋਜ਼ਗਾਰ ਵਿਚ ਵਾਧਾ ਹੋਇਆ ਹੈ। ਜੇਕਰ ਇਹ ਸਾਰੇ ਫੈਸਲੇ ਪਾਰਟੀ ਮੈਂਬਰਾਂ ਨਾਲ ਸਲਾਹ ਮਸ਼ਵਰੇ ਪਿੱਛੋਂ ਲਏ ਜਾਂਦੇ ਅਤੇ ਆਪਣੇ ਹਲਕੇ ਵਿਚ ਇਨ੍ਹਾਂ ਦੀ ਸਫਲਤਾ ਲਈ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਤਾਂ ਨਤੀਜੇ ਵਧੀਆ ਹੋਣੇ ਸਨ।

ਇਸ ਵਾਰ ਮੁੜ ਚੋਣਾਂ ਨਰਿੰਦਰ ਮੋਦੀ ਦੇ ਨਾਂਅ ਉੱਤੇ ਹੀ ਲੜੀਆਂ ਜਾ ਰਹੀਆਂ ਹਨ। ਇਸ ਸਥਿਤੀ ਵਿਚ ਮੋਦੀ ਮੁੜ ਪ੍ਰਧਾਨ ਮੰਤਰੀ ਬਣਨਗੇ। ਉਨ੍ਹਾਂ ਦਾ ਆਪਣੇ ਆਪ ਉੱਤੇ ਭਰੋਸਾ ਹੋਰ ਵੀ ਵਧ ਜਾਵੇਗਾ। ਮੈਂਬਰ ਤਾਂ ਦੂਰ ਉਨ੍ਹਾਂ ਨੂੰ ਆਪਣੇ ਮੰਤਰੀਆਂ ਦੀ ਵੀ ਪ੍ਰਵਾਹ ਨਹੀਂ ਰਹੇਗੀ। ਇੰਝ ਇਹ ਲੋਕ ਰਾਜ ਇਕ ਪਾਰਟੀ ਰਾਜ ਹੀ ਨਹੀਂ ਸਗੋਂ ਇਕ ਮੈਂਬਰੀ ਭਾਵ ਪ੍ਰਧਾਨ ਮੰਤਰੀ ਰਾਜ ਹੀ ਬਣ ਜਾਵੇਗਾ। ਇਹ ਰੁਝਾਨ ਲੋਕਰਾਜ ਦੇ ਹਿੱਤ ਵਿਚ ਨਹੀਂ ਹੈ।

### ਪੰਜਾਬ ਦੇ ਪਿੰਡਾਂ 'ਚ ਸਾਇਕਲਾਂ ਤੇ ਹੱਥੀਂ ਕੰਮ ਕਰਨੇ ਛੱਡ ਕੇ

# ਸਮਾਜਿਕ ਟਿੱਚਰਾਂ ਤੇ ਲੋਕ ਦਿਖਾਵੇ ਦੇ ਸ਼ਿਕਾਰ ਲੋਕ ਬਣ ਰਹੇ ਮਸ਼ੀਨੀ ਯੁੱਗ 'ਚ ਅਣਫਿੱਟ ਸਰੀਰਾਂ ਦੇ ਰੋਗੀ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਦੂਸਰਾ ਉਹੀ ਪਸ਼ੂ ਜੋ ਪਹਿਲਾਂ ਖੇਤ 'ਚ ਇਕ ਪਾਸੇ ਬਣੀ ਬਿਲਡਿੰਗ ਵਿਚ ਬੰਨ੍ਹੇ ਜਾਂਦੇ ਸਨ ਜੋ ਮਰਦ ਕਿਸਾਨ ਦੇ ਖੇਤ 'ਚ ਕੰਮ ਕਰਦਿਆਂ ਦੇਖ ਔਰਤ ਖੁਦ ਇਕ ਦੂਜੇ ਵੱਲ ਕੰਮ ਕਰਦੇ ਦੇਖ ਬਹੁਤੇ ਕੰਮ ਆਪਣੇ ਹੱਥੀਂ ਪਸ਼ੂ ਦੁੱਧ ਚੋਣ, ਗੋਹਾ ਇਕੱਠਾ ਕਰਨ, ਪੱਠੇ ਲੱਤੇ ਤੱਕ ਪਾਉਣ ਦੇ ਮੁਕਾ ਲੈਂਦੀ ਸੀ। ਹਾਲਾਂਕਿ ਉਨ੍ਹਾਂ ਸਮਿਆਂ ਵਿਚ ਬੱਚੇ ਨੌਜਵਾਨ ਵੀ ਦੋਨਾਂ ਵਰਗਾਂ ਨੂੰ ਕੰਮ ਕਰਦੇ ਦੇਖ ਆਪ ਵੀ ਸਹਿਯੋਗੀ ਕੰਮ ਫੜ ਲੈਂਦੇ ਸੀ। ਜੋ ਹੁਣ ਪਸ਼ੂ ਖੇਤਾਂ ਦੀ ਬਜਾਏ ਪਿੰਡ ਦੇ ਘਰ ਵਿਚ ਆਉਣ ਨਾਲ ਕੁਝ ਕੁ ਲੋਕਾਂ ਨੂੰ ਛੱਡ ਕੇ ਪਿੰਡ ਦੇ ਬੰਦੇ ਪੱਠੇ ਲਤੇ ਲਿਆਉਣ ਤੇ ਪਾਉਣ ਅਤੇ ਦੁੱਧ ਚੋਣ ਤੱਕ ਰੱਖ ਲਏ ਗਏ। ਜੋ ਲੋਕ ਦਿਖਾਵੇ ਤੇ ਸਾਡੀ ਤੰਦਰੁਸਤ ਸਿਹਤ ਦਾ ਪਤਨ ਕਰਨ ਦਾ ਮੁੱਢ ਬਣੇ ਹੱਥੀਂ ਕੰਮ ਛੱਡ ਬੈਠਣ ਦਾ।

ਸਾਇਕਲ ਦੇ ਹੈਂਡਲ ਨਾਲ ਝੋਲਾ ਬੰਨ੍ਹ ਕੇ ਸਮਾਨ ਲੈਣ ਜਾਣਾ ਤਕਰੀਬਨ ਖਤਮ। ਆਉਂਦੀ ਪੀੜ੍ਹੀ ਨੂੰ ਲੱਤਾਂ ਦੀ ਵਰਜਿਸ਼ ਤੇ ਕੈਂਚੀ ਸਾਈਕਲ ਚਲਾਉਣ ਦਾ ਵੱਲ ਦੋਨੋਂ ਖਤਮ। ਸਾਇਕਲ ਤੇ ਮੇਲੇ ਨੂੰ ਜਾਣ ਵਾਲੇ ਗੀਤ ਖਤਮ, ਦਾਤੀ ਨੂੰ ਲਵਾਦੇ ਘੁੰਗਰੂ ਸਭ ਗੱਲਾਂ ਖਤਮ, ਕਹੀਆਂ ਦਾਤਰੀ ਰੰਬੇ ਆਦਿ ਅਜਾਇਬ ਘਰ ਵਿਚ ਹੀ ਮਿਲਣਗੇ ਤੇ ਪੀੜ੍ਹੀ ਫੋਟੋ ਖਿਚਾਉਂਦੀ ਦਿਸੂ। ਝੋਲੇ ਦੀ ਥਾਂ ਮਿੱਟੀ ਬੰਜ਼ਰ ਬਣਾਉਣ ਵਾਲੇ ਲਿਫਾਫੇ ਨੇ ਅੱਜਕਲ੍ਹ ਲੈ ਲਈ। ਕੁਲ ਮਿਲਾ ਸਾਇਕਲ ਤੇ ਝੋਲਾ ਦੋਨੋਂ ਖਤਮ। ਦੇਖਿਆ ਜਾਵੇ ਤਾਂ ਅਸੀਂ ਮੋਡਰਨ ਸਮੇਂ ਵੱਲ ਜਾ ਰਹੇ ਹਾਂ ਜਾਂ ਕਿਤੇ ਫਾਡੀ ਨਜ਼ਰ ਆਉਂਦੇ ਦਿਸ ਰਹੇ ਹਾਂ। ਸਮਝਣ ਤੇ ਸਮਝਾਉਣ ਦੀ ਲੋੜ ਹੈ ਸਾਨੂੰ ਕਿਉਂਕਿ ਕਿ ਪਹਿਲੀ ਸਾਡੇ ਬਜ਼ੁਰਗਾਂ ਦੀਆਂ ਸੱਥਾਂ ਥੱਲੇ ਬਹਿੰਦੀਆਂ ਢਾਣੀਆਂ ਕਦੇ ਵੀ ਸਾਨੂੰ ਚਿੜਾਉਣ ਤੇ ਪਿੱਛੇ ਲਿਜਾਣ ਵਾਲੀ ਸੋਚ ਦੀ ਟਿੱਚਰ ਨਹੀਂ ਹੁੰਦੀ ਸੀ। ਬਜ਼ੁਰਗ ਲੋਕ ਸਮਝਦੇ ਸਨ ਕਿ ਕੰਮ ਤਾਂ ਕੰਮ ਹੀ ਹੈ ਜਿਸ ਨੂੰ ਕਰਨਾ ਹੀ ਪੈਣਾ ਕਿਉਂਕਿ ਹੈ ਵੀ ਉਹ ਆਪਣਾ ਹੈ। ਹੁਣ ਦੀ ਪੀੜ੍ਹੀ ਦੇ ਭਵਿੱਖ ਵਾਲੇ ਲੋਕ ਨਾ ਪੱਖੀ ਬਿਰਤੀ ਵਾਲੇ ਜ਼ਿਆਦਾ ਨਜ਼ਰ ਆਉਂਦੇ ਹਨ ਜੋ ਆਮ ਕਹਿੰਦੇ ਸੁਣੇ ਜਾਂਦੇ ਹਨ ਕਿ ਤੇਰੇ ਪੱਧਰ ਦਾ ਕੰਮ ਨਹੀਂ, ਤੇਰੀ ਬਰਾਦਰੀ ਹੋਰ ਤੇ ਕੰਮ ਹੋਰ ਆ, ਇਹ ਕੰਮ ਕਿੱਥੇ ਪਿੰਡ ਵਿਚ ਚੱਲਣਾ ਆਦਿ ਨਾ ਖੱਖੀ ਵੀ ਕਿਤੇ ਨਾ ਕਿਤੇ ਸਾਡੇ ਅਣਜਾਣ ਸਮਾਜ ਤੇ ਅਸਰ ਪਾਇਆ। ਹਾਲਾਂਕਿ ਹਾਂ ਪੱਖੀ ਸਮਾਜ ਤਾਂ ਆਪਣੇ ਫਾਇਦੇ ਤੇ ਜੁਝਾਰੂ ਜਜ਼ਬੇ ਨਾਲ ਗੱਲਬਾਤ ਵਿਚਾਰਦਿਆਂ ਚੱਲੂ ਉਹਨਾਂ ਨੂੰ ਏਨਾਂ ਦਾ ਕੋਈ ਤਰਕ ਨਹੀਂ ਨੁਕਸਾਨ ਪਹੁੰਚਾਉਂਦਾ। ਸਿਆਣੇ ਕਹਿੰਦੇ ਸਨ ਕਿ ਜਿਹੋ ਜਿਹਾ ਵੇਸ, ਤਿਹਾ ਜਿਹਾ ਭੇਸ। ਗੱਲ ਇਹ ਕਿ ਪਹਿਲਾਂ ਗੀਤ ਮਿਹਨਤ ਮੁਸ਼ੱਕਤ ਸਾਇਕਲ ਤੇ ਜਾਂਦਿਆਂ ਹੱਥੀਂ ਦਾਤਰੀ, ਕਹੀਆਂ ਨਾਲ ਕਰਦਿਆਂ ਦੇ ਬਣਦੇ ਸਨ, ਜੋ ਅੱਜ ਦੀ ਵੇਸ਼ਭੂਸ਼ਾ ਦੇਖ ਹੁਣ ਟਰੈਕਟਰ ਮਸ਼ੀਨਾਂ ਤੇ ਵੱਡੇ ਧਨਾਢ ਲੋਕਾਂ ਤੇ ਬਣਦੇ ਹਨ।

ਅੱਜ ਵੱਧ ਝਾੜ ਲੈਣ ਦੀ ਕੋਸ਼ਿਸ਼ ਤੇ ਲੋਕ ਦਿਖਾਵੇ ਦੀ ਜ਼ਿੰਦਗੀ ਇਨਸਾਨ ਨੂੰ ਸ਼ਰੀਰਕ ਤੇ ਮਾਨਸਿਕ ਪੱਖੋਂ ਦੋਨਾਂ ਪਾਸਿਉਂ ਹੋਲਾ ਕਰ ਰਹੀ ਹੈ। ਬੇਸ਼ੱਕ ਜਿਹੜੇ ਭਰਾਵਾਂ ਕੋਲ ਵੱਧ ਰਕਬਾ ਹੈ ਉਹ ਬਹੁਤਾ ਹੱਥੀਂ ਕੰਮ ਨਾਲ ਨਿਬੇੜਾ ਨਹੀਂ ਕਰ ਸਕਦੇ ਪਰ ਉਹ ਵਰਗ ਵੀ ਜੋ ਜਲਦ ਸਮੇਂ ਦੇ ਨਿਬੇੜੇ ਲਈ ਛੋਟੇ ਛੋਟੇ ਕੰਮ ਵੀ ਮਸ਼ੀਨਾਂ ਨਾਲ ਹੀ ਕਰ ਰਹੇ ਹਨ। ਇਸ ਵੱਡੇ ਵਰਗ ਨੂੰ ਆਰਾਮਦਾਇਕ ਤੇ ਸਹੂਲਤ ਭਰੀ ਘੱਮਦੀ ਜ਼ਿੰਦਗੀ ਹੁੰਦੀ ਦੇਖ ਛੋਟੇ ਕਿਸਾਨ ਵਰਗ ਵੀ ਜਾਣਬੁੱਝ ਕੇ ਉਸ ਤਰ੍ਹਾਂ ਜ਼ਿੰਦਗੀ ਜਿਉਣ ਲਈ ਮਸ਼ੀਨ ਦੀ ਗੁਲਾਮ ਹੋ ਗਈ।



ਮਸ਼ੀਨਰੀਆਂ ਦੇ ਗੁਲਾਮ ਹੋਏ ਅੱਜ ਕੱਲ੍ਹ ਦੇ ਨੌਜਵਾਨ ਦੇ ਇਕ ਪਿਤਾ ਨੇ ਹੱਡ ਬੀਤੀ ਸੁਣਾਉਂਦਿਆਂ ਕਿਹਾ ਕਿ ਮੇਰੇ ਦੋ ਲੜਕੇ ਨੇ, ਜੋ ਇਕ ਕਿੱਲੇ ਦੀ ਵੱਟ ਤੇ ਤੁਰ ਕੇ ਖੇਤ ਦੇ ਆਲੇ ਦੁਆਲੇ ਨਹੀਂ ਜਾ ਸਕਦੇ, ਕਿਉਂਕਿ ਏਨਾਂ ਨੂੰ ਤੁਰਦਿਆਂ ਸਾਹ ਚੜ੍ਹ ਜਾਂਦਾ ਹੈ ਪਰ ਵੱਡੇ ਟਰੈਕਟਰ ਤੇ ਬਿਠਾ ਕੇ ਸਾਰਾ ਦਿਨ ਜਾਂ ਜਿੰਨੀ ਦੇਰ ਮਰਜ਼ੀ ਕੰਮ ਕਰਵਾਈ ਚਲੋ ਨਾਲ ਹੋਰ ਤਾਂ ਗੀਤ ਰੌਲੇ ਰੱਪੇ ਦੇ ਚੱਲਦੇ ਹੋਣ ਕੁਲ ਮਿਲਾ ਕੇ ਅਣਫਿੱਟ ਤੇ ਟੁੱਟਾ ਸਟੈਮਿਨਾ ਸਿਹਤ ਨੂੰ ਰੋਗੀ ਕਰਨ ਲਈ ਸਹਾਈ ਹੁੰਦੀ ਹੈ। ਸਰੀਰਕ ਤੌਰ ਤੇ ਤਕਰੀਬਨ ਨੁੱਸ ਹੋ ਰਹੇ ਹਨ ਜੋ ਚਿੰਤਾ ਦਾ ਵਿਸ਼ਾ ਹੈ, ਹਾਲਾਂਕਿ ਕੇ ਹੱਥੀਂ ਖੇਤੀ ਕਾਰਜ ਵੱਟਾਂ ਛਿੱਲਣੀਆਂ ਤੇ ਮੋਢੇ ਤੇ ਪੰਪ ਪਾ ਕੇ ਖੁਦ ਸਪਰੇਅ ਕਰਨੀ ਤਾਂ ਦੂਰ ਦੀ ਗੱਲ ਹੈ। ਉਸ ਬਜ਼ੁਰਗ ਨੇ ਕਿਹਾ ਕਿ ਮੈਂ ਅੱਜ ਵੀ ਸਪਰੇਅ ਆਪਣੇ ਹੱਥ ਨਾਲ ਕਰ ਰਿਹਾ ਹਾਂ ਤੇ ਮੇਰੇ ਮੁੰਡੇ ਜਵਾਨ ਹਨ ਪਰ ਇਹ ਨਹੀਂ ਕਰ ਸਕਦੇ।

ਖੇਤ ਨੂੰ ਪਾਣੀ ਲਗਾਉਣ ਲਈ ਭਾਵੇਂ ਮੋਟਰ ਵਾਲੇ ਬੀੜੇ (ਹਰੇ ਬਟਨ) ਨੂੰ ਦੱਬਣ ਜਾਣਾ ਹੈ, ਤਾਂ ਉਹ ਵੀ ਮੁੱਲ ਦੇ ਕੇ ਦੱਬਿਆ ਜਾਂਦਾ ਹੈ, ਕਿਉਂਕਿ ਅਸੀਂ ਉੱਥੇ ਜਾਣ ਲਈ ਵੀ ਮਸ਼ੀਨ ਰੂਪੀ ਮੋਟਰਸਾਈਕਲ ਨੂੰ ਵਰਤ ਰਹੇ ਹਾਂ। ਏਥੇ ਵੀ ਗੱਡਿਆਂ ਤੋਂ ਕੰਮ ਲੈਣਾ ਸੀ ਜਿਸ ਨਾਲ ਸਾਰੇ ਸਰੀਰ ਚੋਂ ਲੂਣ ਦੇ ਰੂਪ ਵਿਚ ਪਸੀਨਾ ਨਿਕਲਣਾ ਸੀ ਇਸ ਨਾਲ ਅਸੀਂ ਤੰਦਰੁਸਤ ਹੋਣਾ ਸੀ ਉਸ ਨੂੰ ਰੋਕ ਸਰੀਰ ਦੇ ਅੰਦਰ ਜਜ਼ਬ ਕੀਤਾ ਗਿਆ।

ਪੱਠੇ ਲੱਤੇ ਲਿਆਉਣ ਦੀ ਗੱਲ ਕਰੀਏ ਤਾਂ ਬਹੁਤੇ ਨੌਜਵਾਨਾਂ ਨੂੰ ਜੁਗਾੜੂ ਰੇੜੀਆਂ ਮੋਟਰਸਾਈਕਲ ਤੁੜਵਾਂ ਕੇ ਬਣਾ ਲਈਆਂ ਹਨ। ਪਰ ਕੁੱਝ ਕੁ ਮੋਟਰ ਸਾਈਕਲ ਦੀ ਪਿਛਲੀ ਸੀਟ ਤੇ ਰੰਡ ਨੂੰ ਰੱਸੀ ਮਾਰੀ ਜਾਂ ਟਾਇਰ ਦੀ ਟਿਊਬ ਬੰਨ੍ਹੀ ਵੀ ਆਰਾਮ ਨਾਲ ਦੇਖੀ ਜਾਂਦੀ ਹੈ। ਜਦਕਿ ਪਹਿਲਾਂ ਏਹੀ ਪੱਠੇ ਦੀ ਪੰਡ ਆਪ ਸਿਰ ਤੇ ਚੁੱਕ ਕੇ ਭਾਵੇਂ ਉਹ ਔਰਤ ਸੀ ਜਾਂ ਮਰਦ ਖੁਦ ਆਪ ਲਿਆਉਂਦੇ ਸਨ। ਜੋ ਪਸੀਨੇ ਨਾਲ ਭਿੱਜੇ ਹੋਏ ਦੂਰੋਂ ਦਿਸਦੇ ਸਨ, ਉਹ ਸਾਰੇ ਹੱਡੀਂ ਤੇ ਹੱਥੀਂ ਕੰਮ ਕਰਦਿਆਂ ਤੰਦਰੁਸਤ ਸਨ। ਆਉਂਦੇ ਜਾਂਦੇ ਦੇਖਣ ਵਾਲਿਆਂ ਲਈ ਆਪਣੇ ਕੰਮ ਪ੍ਰਤੀ ਸੇਧਕ ਹਨ। ਏਥੋਂ ਤੱਕ ਕਿ ਖਾਸਕਰ ਛੋਟੇ ਕਿਸਾਨ ਪਹਿਲਾਂ ਕਣਕ ਵੀ ਹੱਥੀਂ ਕਟਾਈ ਕਰ ਭਰੀਆਂ ਬੰਨਦੇ ਤੇ ਚੁੱਕਦੇ ਸਨ ਬਹੁਤ ਵਾਰੀ ਥਰੈਸ਼ਰ ਲਈ ਦਾਣਿਆਂ ਵਾਸਤੇ ਰਿਸ਼ਤੇਦਾਰਾਂ ਤੱਕ ਨੂੰ ਕਣਕ ਕੱਢਣ ਤੇ ਝੋਨੇ ਨੂੰ ਲਗਾਉਣ ਲਈ ਤੱਕ ਸੱਦੇ ਜਾਂਦੇ ਸਨ ਜਿੱਥੇ ਸਮਾਜਿਕ ਪਿਆਰ ਤੇ ਤੰਦਰੁਸਤੀ ਵੱਧਦੀ ਨਜ਼ਰ ਆਉਂਦੀ ਸੀ।

ਮਸ਼ੀਨੀ ਯੁੱਗ ਵਿਚ ਆਉਣ ਨਾਲ ਜਿੱਥੇ ਦੇਖਿਆ ਜਾਵੇ ਤਾਂ ਸਰੀਰਕ ਕੰਮ ਕਸਰਤ ਤਕਰੀਬਨ ਖਤਮ ਹੋਈਆਂ ਉਥੇ ਪਿੰਡਾਂ ਚ ਸੈਰ ਕਰਨ ਸਟੇਡੀਅਮ ਆਦਿ, ਸਾਫ ਸੜਕਾਂ ਜਾਂ ਹਾਲੇ ਦੀ ਹਾਸੋਹੀਣੀ ਕੁਮੈਂਟ ਕਰਕੇ ਲੱਗਦਾ ਸਮਾਜ ਜਲਦ ਇਧਰ ਵੀ ਨਹੀਂ ਆਉਂਦਾ। ਖੈਰ ਇਨ੍ਹਾਂ ਪਹਿਲੂਆਂ ਤੇ ਚਾਨਣ ਪਾਉਣ ਲਈ ਚਰਚਾ ਕਰਨੀ ਜ਼ਰੂਰੀ ਸੀ ਕਿਉਂਕਿ ਜੋ ਅਸੀਂ ਵਿਸਾਰ ਰਹੇ ਹਾਂ। ਹੱਲਾਂ ਬੱਲਦਾਂ ਨਾਲ ਖੇਤੀ ਕਰਦੇ ਸਮੇਂ ਸੌਖੇ ਜ਼ਰੂਰ ਸੀ। ਹੁਣ ਤਾਂ ਇਕ ਦੂਜੇ ਨੂੰ ਈਰਖਾ ਨਾਲ ਕੱਟਣ ਦੀ ਲਾਲਸਾ ਬੰਦੇ ਦੇ ਦਿਮਾਗ ਤੇ ਪਿੱਠ ਦੋਨੋਂ ਸਿੱਧੀ ਨਹੀ ਹੋਣ ਦੇ ਰਹੇ।

ਪੰਜਾਬ ਦੇ ਪਿੰਡਾਂ ਚ ਲੋਕ ਸੁਧਾਰਾਂ ਦੀ ਚਰਚਾ ਕਦੋਂ ਚੱਲੂ ਪਤਾ ਨਹੀਂ। ਜਾਪਦਾ ਨਹੀ ਕਿ ਹਾਸੋਹੀਣੀ ਤੇ ਲੋਕ ਦਿਖਾਵੇ ਵਾਲੇ ਅਤੇ ਨੈਗੇਟਿਵ ਸੋਚ ਵਾਲੇ ਸਮਾਜ ਵਿਚੋਂ ਕੋਈ ਨੌਜਵਾਨ ਵੱਡੇ ਵਿਚਾਰਾਂ ਨਾਲ ਅੱਗੇ ਆ ਕੇ ਸਾਡੇ ਬਜ਼ੁਰਗਾਂ ਦੀ ਸੇਧ ਤੇ ਚੱਲ ਕੇ ਬਾਕੀ ਪਿੰਡ ਲਈ ਵੀ ਸੇਧ ਖੜ੍ਹੀ ਕਰੂ ਜਾਂ ਕਿਤੇ ਸਮਾਂ ਜ਼ਿਆਦਾ ਹੋ ਜਾਵੇ ਤੇ ਉਹਨੀਂ ਦੇਰ ਤੱਕ ਕੀਤੇ ਸਾਡੇ ਪਿੰਡਾਂ ਦੇ ਪਿੰਡ ਖਾਲੀ ਨਾ ਹੋ ਜਾਣ, ਕੁਝ ਕੁ ਵਿਦੇਸ਼ ਜਾ ਬੈਠੂ ਤੇ ਬਾਕੀ ਰਹਿੰਦੇ ਹੱਥੀਂ ਕੰਮ ਛੱਡ ਮਹਿੰਗੇ ਰੋਗੀ ਬਣੂੰ। ਕਿਉਂਕਿ ਇਹ ਵੀ ਤਜ਼ਰਬਾ ਲੋਕ ਇਕੱਠਾ ਵਿਚ ਕੀਤਾ ਗਿਆ ਕਿ ਹੱਥ ਖੜ੍ਹਾ ਕਰੋ ਕਿ ਜਿਸ ਦੇ ਘਰ ਕੋਈ ਦਵਾਈ ਨਹੀਂ ਆਉਂਦੀ ਜਾਂ ਬੈਠੇ ਇਕੱਠ ਵਿਚ ਕੋਈ ਦਵਾਈ ਨਾ ਖਾਂਦਾ ਹੋਵੇ ਤਾਂ ਕੋਈ ਹੱਥ ਨਹੀਂ ਖੜਾ ਹੋਇਆ। ਜੋ ਵਿਚਰਦੀ ਆਪ ਮੁੱਲ ਲਈ ਬਿਮਾਰੀਆਂ ਦਾ ਸੰਕੇਤ ਹੈ। ਲੇਖ ਪਿੰਡਾਂ ਚ ਵਿਚਰਦੇ ਹੋਏ ਸਮਾਜਿਕ ਬਦਲਾਅ ਤੇ ਆਪੋ ਆਪਣੀ ਜ਼ਿੰਦਗੀ ਦੀ ਜ਼ਿੰਮੇਵਾਰੀ ਤੋਂ ਦੂਰ ਹੋਣ ਤੇ ਝਾਤ ਹੈ। ਲੋੜ ਤੋਂ ਵੱਧ ਸਮਾਜ ਦੇ ਵਰਤਾਰੇ ਤੇ ਲੋਕ ਇਕੱਠਾਂ ਵਿਚੋਂ ਮਿਲੇ ਤਜ਼ਰਬੇ ਸਾਂਝੇ ਕੀਤੇ ਗਏ ਹਨ। ਲੇਖ ਬਾਰੇ ਕੋਈ ਸੁਝਾਅ ਹੋਵੇ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰੋ।

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 700/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in



# ਪੂਸਾ-44, ਪੀ.ਆਰ.-126, ਬਾਸਮਤੀ ਤੇ ਪੀ.ਆਰ. ਕਿਸਮਾਂ

ਕਣਕ ਦੀ ਵਾਢੀ ਲਗਭਗ ਖਤਕ ਹੈ। ਪੰਜਾਬ, ਹਰਿਆਣਾ 'ਚ ਝੋਨਾ-ਕਣਕ ਦਾ ਫਸਲੀ-ਚੱਕਰ ਪ੍ਰਧਾਨ ਹੈ। ਕਿਸਾਨ ਹੁਣ ਕਣਕ ਦੀ ਸਾਂਭ-ਸੰਭਾਲ ਤੇ ਮੰਡੀਕਰਨ ਤੋਂ ਬਾਅਦ ਝੋਨਾ, ਬਾਸਮਤੀ ਬੀਜਣ ਦੀ ਯੋਜਨਾਬੰਦੀ ਕਰ ਰਹੇ ਹਨ। ਉਹ ਬੜੀ ਕਸ਼ਮਕਸ਼ 'ਚ ਹਨ ਕਿ ਝੋਨੇ ਦੀ ਕਿਹੜੀ ਕਿਸਮ ਬੀਜਣ। ਪੂਸਾ-44 ਕਿਸਮ ਝਾੜ ਪੱਖੋਂ ਸਰਬੋਤਮ ਹੋਣ ਕਾਰਨ ਪਿਛਲੇ 15 ਸਾਲ ਤੋਂ ਉਨ੍ਹਾਂ ਦੀ ਪਹਿਲੀ ਪਸੰਦ ਰਹੀ ਹੈ। ਇਹ ਕਿਸਮ ਆਈ. ਸੀ. ਏ. ਆਰ-



ਭਗਵਾਨ ਦਾਸ

ਇੰਡੀਅਨ ਐਗਰੀ ਕਲਚਰਲ ਰਿਸਰਚ ਇੰਸਟੀਚਿਊਟ ਨਵੀਂ ਦਿੱਲੀ ਵੱਲੋਂ ਵਿਕਸਿਤ ਕੀਤੀ ਗਈ ਸੀ ਅਤੇ ਕੇਂਦਰ ਦੀ ਫਸਲਾਂ ਦੀਆਂ ਕਿਸਮਾਂ ਰਿਲੀਜ਼ ਕਰਨ ਵਾਲੀ ਕਮੇਟੀ (ਸੀ. ਵੀ. ਆਰ. ਸੀ) ਵਲੋਂ ਸੰਨ 1994 'ਚ ਕਾਸ਼ਤ ਕਰਨ ਲਈ ਰਿਲੀਜ਼ ਕੀਤੀ ਗਈ ਸੀ। ਇਸ ਦੀ ਕਾਸ਼ਤ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਕੇਰਲ ਤੇ ਕਰਨਾਟਕਾ ਰਾਜਾਂ ਦੇ ਸਿੰਚਾਈ-ਅਧੀਨ ਰਕਬੇ 'ਚ ਕਰਨ ਲਈ ਸਿਫਾਰਸ਼ ਕੀਤੀ ਗਈ ਸੀ। ਇਸ ਦਾ ਔਸਤ ਝਾੜ 32 ਕੁਇੰਟਲ ਪ੍ਰਤੀ ਏਕੜ ਤੱਕ ਰਿਹਾ। ਇਹ ਇਕ ਮਧਰੀ ਕਿਸਮ ਦੇ ਤੌਰ 'ਤੇ ਪੱਕਣ ਨੂੰ ਪਨੀਰੀ ਸਣੇ 145 ਦਿਨ ਤੱਕ ਦਾ ਸਮਾਂ ਲੈਣ ਵਾਲੀ ਕਿਸਮ ਹੈ ਜਿਸ ਦੇ ਦਾਣੇ ਲੰਮੇ, ਪਤਲੇ, ਸਖਤ ਹਨ। ਕੰਬਾਈਨ ਨਾਲ ਕੱਟਣ ਲਈ ਬੜੀ ਯੋਗ ਕਿਸਮ ਹੈ, ਕਿਉਂਕਿ ਇਸ ਦਾ ਨਾੜ ਸਖਤ ਹੈ ਅਤੇ ਇਹ ਹਨੇਰੀਆਂ ਤੇ ਝੱਖੜਾਂ ਦਰਮਿਆਨ ਵੀ ਢਹਿੰਦੀ ਨਹੀਂ, ਖੜ੍ਹੀ ਰਹਿੰਦੀ। ਰਿਲੀਜ਼ ਹੋਣ ਤੋਂ ਬਾਅਦ ਇਹ ਕਈ ਸਾਲ ਝੋਨੇ ਦੀ ਕਾਸ਼ਤ ਥੱਲੇ ਕੁੱਲ ਰਕਬੇ 'ਚੋਂ 70 ਫੀਸਦੀ ਰਕਬੇ ਤੱਕ 'ਤੇ ਬੀਜੀ ਜਾਂਦੀ ਰਹੀ। ਇਸ ਕਿਸਮ ਨੇ ਸਭ ਦੂਜੀਆਂ ਕਿਸਮਾਂ ਨਾਲੋਂ ਵੱਧ ਝਾੜ ਦਿੱਤਾ। ਕਿਸਾਨਾਂ ਨੇ ਇਸ ਤੋਂ ਚੋਖੀ ਆਮਦਨ ਕਮਾਈ। ਕਈ ਸਾਲਾਂ ਦੌਰਾਨ ਤਾਂ ਇਸ ਦੇ ਬੀਜ ਦੀ ਬੜੀ ਥੁੜ ਸੀ ਅਤੇ ਆਈ. ਏ. ਆਰ. ਆਈ.-ਰਿਜਨਲ ਸਟੇਸ਼ਨ ਕਰਨਾਲ ਅਤੇ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਰੱਖੜਾ 'ਤੇ ਇਸ ਦਾ ਬੀਜ ਲੈਣ ਲਈ ਲੰਮੀਆਂ ਕਤਾਰਾਂ ਲੱਗਦੀਆਂ ਰਹੀਆਂ। ਕਿਸਾਨਾਂ ਤੋਂ ਇਲਾਵਾ ਕਈ ਸਰਕਾਰੀ ਅਫਸਰ ਵੀ ਜਿਨ੍ਹਾਂ 'ਚ ਖੇਤੀ ਬਾੜੀ ਵਿਭਾਗ ਤੇ ਮਾਹਿਰ ਤੇ ਕੁਝ ਵਿਗਿਆਨੀ ਵੀ ਸ਼ਾਮਿਲ ਸਨ, ਇਸ ਕਿਸਮ ਨੂੰ ਕਈ ਸਾਲ ਆਪਣੇ ਖੇਤਾਂ 'ਚ ਬੀਜ ਕੇ ਮਾਲੋ-ਮਾਲ ਹੋ ਗਏ।

ਪਿਛਲੇ ਕੁਝ ਸਾਲਾਂ ਤੋਂ ਇਹ ਕਿਸਮ ਮਾਹਿਰਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਚਰਚਾ 'ਚ ਰਹੀ। ਪੰਜਾਬ ਸਰਕਾਰ ਵਲੋਂ ਇਸ ਦੀ ਕਾਸ਼ਤ ਇਸ ਲਈ ਘਟਾਉਣ ਜਾਂ ਬੰਦ ਕਰਨ ਲਈ ਕਿਹਾ ਗਿਆ, ਕਿਉਂਕਿ ਇਹ ਪੱਕਣ ਨੂੰ ਹੋਰ ਪੀ. ਆਰ. ਕਿਸਮਾਂ ਨਾਲੋਂ ਲੰਮਾਂ ਸਮਾਂ ਲੈਂਦੀ ਸੀ। ਇਸ ਦੀ ਪਾਣੀ ਦੀ ਖਪਤ ਜ਼ਿਆਦਾ ਸੀ ਅਤੇ ਕਣਕ ਦੀ ਬਿਜਾਈ ਦੀ ਤਿਆਰੀ ਕਰਨ ਲਈ ਥੋੜ੍ਹਾ ਸਮਾਂ ਛੱਡਦੀ ਸੀ। ਪੀ. ਏ. ਯੂ. ਦੇ ਮਾਹਿਰਾਂ ਅਨੁਸਾਰ ਜ਼ਮੀਨ ਥੱਲੇ ਪਾਣੀ ਹੇਠਾਂ ਜਾ ਰਿਹਾ ਸੀ, ਭੂਮੀ ਵਿਚਲੇ ਸੂਖਮ ਤੱਤ ਤਬਾਹ ਹੋ ਰਹੇ ਸਨ, ਪ੍ਰਦੂਸ਼ਣ ਦੀ ਸਮੱਸਿਆ ਵਧ ਰਹੀ ਸੀ, ਕੇਂਦਰ ਦੇ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਅਨੁਸਾਰ ਵੀ ਪੰਜਾਬ 'ਚ ਪਾਣੀ ਦਾ ਪੱਧਰ ਹਰ ਸਾਲ 2 ਫੁੱਟ ਥੱਲੇ ਜਾ ਰਿਹਾ ਸੀ। ਇਸ ਸਭ ਨੂੰ ਮੁੱਖ ਰੱਖਦੇ ਹੋਏ ਨਾਮਵਰ ਖੇਤੀ ਮਾਹਿਰਾਂ ਡਾ. ਗੁਰਦੇਵ ਸਿੰਘ ਖੁਸ਼, ਡਾ. ਸਰਦਾਰਾ ਸਿੰਘ ਜੌਹਲ, ਡਾ. ਰਤਨ ਲਾਲ ਅਤੇ ਡਾ. ਬਲਦੇਵ ਸਿੰਘ ਢਿਲੋਂ ਨੇ ਵੀ ਪੂਸਾ-44 ਕਿਸਮ ਦੀ ਕਾਸ਼ਤ ਕਰਨ ਤੋਂ ਕਿਸਾਨਾਂ ਨੂੰ ਗੁਰੇਜ਼ ਕਰਨ ਲਈ ਕਿਹਾ। ਹਾਲ 'ਚ ਹੀ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਮੁੱਖ ਖੇਤੀਬਾੜੀ ਅਫਸਰਾਂ ਨੂੰ ਇਸ ਕਿਸਮ ਦੀ ਵਿਕਰੀ ਤੇ ਬਿਜਾਈ ਬੰਦ ਕਰਵਾਉਣ ਲਈ ਹਦਾਇਤਾਂ ਦਿੱਤੀਆਂ ਹਨ। ਪੀ. ਏ. ਯੂ. ਨੇ ਤਾਂ ਇਸ ਕਿਸਮ ਨੂੰ ਪੰਜਾਬ 'ਚ ਕਾਸ਼ਤ ਕੀਤੇ ਜਾਣ ਦੀ ਪ੍ਰਵਾਨਗੀ ਸ਼ੁਰੂ ਤੋਂ ਹੀ ਨਹੀਂ ਦਿੱਤੀ ਸੀ। ਭਾਵੇਂ ਇਹ ਕਿਸਮ ਕਈ ਸਾਲ ਖੇਤਾਂ ਦੀ ਰਾਣੀ ਬਣੀ ਰਹੀ। ਪ੍ਰੰਤੂ ਪੰਜਾਬ ਸਰਕਾਰ ਨਾਲ ਝੋਨਾ ਉਤਪਾਦਨ 'ਚ ਇਸ ਕਿਸਮ ਦੀ ਕਾਸ਼ਤ ਕਰਕੇ ਕ੍ਰਿਸ਼ੀ ਕਰਮਨ ਪੁਰਸਕਾਰ ਲੈਣ ਵਾਲਾ ਰਾਜ ਪੁਰਸਕਾਰੀ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਬਿਸ਼ਨਪੁਰ ਛੰਨਾ (ਪਟਿਆਲਾ) ਅਤੇ ਗਹਿਲਾਂ ਪਿੰਡ ਦੇ (ਪਿਛਲੇ ਸਾਲ ਇਸ ਕਿਸਮ ਤੋਂ 42 ਕੁਇੰਟਲ ਪ੍ਰਤੀ ਏਕੜ ਉਤਪਾਦਨ ਲੈਣ ਵਾਲਾ ਅਗਾਂਹਵਧੂ ਕਿਸਾਨ) ਗੁਰਮੇਲ ਸਿਘ ਤੇ ਉਸ ਦੇ ਨਾਲ ਦੇ ਅਜਿਹਾ ਹੀ ਝਾੜ ਪ੍ਰਾਪਤ ਕਰਨ ਵਾਲੇ ਕਿਸਾਨ ਕਹਿੰਦੇ ਹਨ ਕਿ ਇਹ ਕਿਸਮ ਦੂਜੀਆਂ ਕਿਸਮਾਂ ਨਾਲੋਂ ਨਾ ਤਾਂ ਕੋਈ ਬਹੁਤਾ ਜ਼ਿਆਦਾ ਸਮਾਂ ਲੈਂਦੀ ਹੈ ਅਤੇ ਨਾ ਪਾਣੀ ਦੀ ਜ਼ਿਆਦਾ ਖਪਤ ਕਰਦੀ ਹੈ। ਦੂਜੀਆਂ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੇ ਨਾਲ ਕਿਸਾਨ ਇਕ ਹੋਰ ਆਲੂਆਂ, ਮਟਰਾਂ ਤੇ ਸਬਜ਼ੀਆਂ ਦੀ ਫਸਲ ਲੈਂਦੇ ਹਨ, ਜਿਸ ਦੇ ਫਸਲੀ-ਚੱਕਰ ਦੀ ਪਾਣੀ ਦੀ ਲੋੜ ਪੂਸਾ-44 ਕਿਸਮ ਨਾਲੋਂ ਵੱਧ ਜਾਂਦੀ ਹੈ। ਕਾਲੇਕਾ ਕਹਿੰਦਾ ਹੈ ਕਿ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਅਧੀਨ ਪੰਜਾਬ ਸਰਕਾਰ ਝੋਨਾ ਲਗਾਉਣ ਦੀ ਮਿਤੀ ਮੁਕੱਰਰ ਕਰਦੀ ਹੈ। ਉਹ ਇਸੇ ਮਿਤੀ ਤੋਂ ਪੂਸਾ-44 ਕਿਸਮ ਦੀ ਕਾਸ਼ਤ ਸ਼ੁਰੂ ਕਰਦਾ ਹੈ। ਸਾਰੇ ਟਿਊਬਵੈੱਲਾਂ 8 ਘੰਟੇ ਰੋਜ਼ਾਨਾ ਰਹਿੰਦੇ ਹਨ। ਇਹ ਕਿਸਮ ਵੀ ਉਸੇ ਪਾਣੀ ਨਾਲ ਪੱਕ ਜਾਂਦੀ ਹੈ। ਕੋਈ ਹੋਰ ਫਾਲਤੂ ਪਾਣੀ ਦੀ ਲੋੜ ਨਹੀਂ ਪੈਂਦੀ। ਹੁਣ ਪੀ.ਏ.ਯੂ. ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਪੀ.ਆਰ-126 ਕਿਸਮ ਬੀਜਣ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਜੋ ਕਿਸਮ ਪੱਕਣ ਨੂੰ 125-128 (ਸਣੇ ਪਨੀਰੀ ਦੇ) ਦਿਨ ਲੈਂਦੀ ਹੈ। ਇਸ ਦਾ ਔਸਤ ਝਾੜ 30 ਕੁਇੰਟਲ ਪ੍ਰਤੀ ਏਕੜ ਹੈ। ਕਿਸਾਨਾਂ 'ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਇਹ ਕਿਸਮ ਹੀ ਬੀਜਣ। ਪ੍ਰੰਤੂ ਇਸ ਕਿਸਮ ਦੀ ਰਾਈਸ ਮਿੱਲਾਂ ਦੇ ਮਾਲਕਾਂ ਵਲੋਂ ਵਿਰੋਧਤਾ ਕੀਤੀ ਜਾ ਰਹੀ ਹੈ, ਕਿਉਂਕਿ ਇਸ ਕਿਸਮ ਦੇ ਚੌਲਾਂ 'ਚ ਟੋਟਾ ਜ਼ਿਆਦਾ ਹੁੰਦਾ ਹੈ ਅਤੇ ਨਿਕਾਲ ਦੂਜੀਆਂ ਕਿਸਮਾਂ ਦੇ ਮੁਕਾਬਲੇ ਘੱਟ ਹੈ। ਸਰਕਾਰੀ ਖਰੀਦ ਕਰਨ ਵਾਲੀਆਂ ਏਜੰਸੀਆਂ ਵਲੋਂ ਨਿਕਾਲ 67 ਪ੍ਰਤੀਸ਼ਤ ਲਿਆ ਜਾਂਦਾ ਹੈ, ਜਦੋਂ ਕਿ ਪੀ. ਆਰ.-126 ਕਿਸਮ 'ਚੋਂ ਮਿੱਲ ਮਾਲਕਾਂ ਅਨੁਸਾਰ ਨਿਕਾਲ 62 ਪ੍ਰਤੀਸ਼ਤ ਆਉਂਦਾ ਹੈ। ਕਈ ਮਿੱਲਾਂ ਵਾਲੇ ਇੱਥੋਂ ਤੱਕ ਕਹਿੰਦੇ ਹਨ ਕਿ ਉਹ ਇਸ ਕਿਸਮ ਦੀ ਪੈਦਾਵਾਰ ਆਪਣੇ ਸ਼ੈਲਰਾਂ 'ਚ ਨਹੀਂ ਲੱਗਣ ਦੇਣਗੇ। ਕੁਝ ਕਿਸਾਨਾਂ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਪੂਸਾ-44 ਕਿਸਮ ਦੇ ਬੀਜ ਦੀ ਵਿਕਰੀ ਤੇ ਬਿਜਾਈ 'ਤੇ ਰੋਕ ਲਗਾਉਣ ਤੋਂ ਪਹਿਲਾਂ ਇਸ ਦਾ ਬੀਜ ਖਰੀਦ ਲਿਆ ਸੀ। ਕੁਝ ਬੀਜਾਂ ਦੇ ਵਿਕਰੇਤਾ ਇਸ ਕਿਸਮ ਦੇ ਬੀਜ ਨੂੰ ਭੰਡਾਰ ਕਰੀ ਬੈਠੇ ਹਨ। ਉਹ ਕੁੜਿੱਕੀ 'ਚ ਹਨ ਕਿ ਹੁਣ ਕੀ ਕਰਨ? ਇੰਡੀਅਨ ਐਗਰਿਕਲਚਰਲ ਰਿਸਰਚ ਇੰਸਟੀਚਿਊਟ ਨੇ ਪੂਸਾ-44 ਕਿਸਮ ਦਾ ਬਰੀਡਰ ਸ਼੍ਰੇਣੀ ਦਾ ਬੀਜ ਪੈਦਾ ਕਰਨਾ ਬੰਦ ਕਰ ਦਿੱਤਾ ਹੈ ਅਤੇ ਪੰਜਾਬ ਰਾਜ ਬੀਜ ਪ੍ਰਮਾਣਨ ਅਥਾਰਟੀ ਨੇ ਇਸ ਕਿਸਮ ਦੇ ਬੀਜ ਦੀ ਰਜਿਸਟ੍ਰੇਸ਼ਨ ਤੇ ਸਰਟੀਫਿਕੇਸ਼ਨ ਬੰਦ ਕਰ ਦਿੱਤੀ ਹੈ। ਇਸ ਨਾਲ ਇਹ ਕਿਸਮ ਆਪਣੇ-ਆਪ ਹੀ ਭਵਿੱਖ 'ਚ ਕਾਸ਼ਤ ਤੋਂ ਬਾਹਰ ਹੋ ਜਾਵੇਗੀ। ਇਸ ਨੂੰ ਖਿੜ੍ਹੇ ਮੱਥੇ ਅਲਵਿਦਾ ਕਿਹਾ ਜਾਵੇ। ਪਰ ਪੀਲੀ ਪੂਸਾ, ਡੋਗਰ ਪੂਸਾ ਅਤੇ ਹਾਈਬ੍ਰਿਡ ਕਿਸਮਾਂ ਜੋ ਕਿਸਾਨਾਂ ਵਲੋਂ ਆਮ ਬੀਜੀਆਂ ਜਾ ਰਹੀਆਂ ਹਨ, ਇਨ੍ਹਾਂ ਸੰਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਕੋਈ ਕਾਰਵਾਈ ਕੀਤੀ ਨਹੀਂ ਜਾਪਦੀ।

ਝੋਨੇ ਦੀ ਪਨੀਰੀ ਲਗਾਉਣ ਦਾ ਸਮਾਂ ਨੇੜੇ ਆ ਗਿਆ ਹੈ। ਕਿਸਾਨ ਚਿੰਤਾ 'ਚ ਹਨ ਕਿ ਉਹ ਕੀ ਕਰਨ? ਪੰਜਾਬ ਸਰਕਾਰ ਨੇ ਅਜੇ ਤੱਕ ਝੋਨਾ ਲਗਾਉਣ ਦੇ ਸ਼ੁਰੂ ਕਰਨ ਦੀ ਮਿਤੀ ਵੀ ਨਹੀਂ ਐਲਾਨੀ। ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਤਹਿਤ ਪੰਜਾਬ ਸਰਕਾਰ ਹਰ ਸਾਲ ਇਹ ਤਰੀਕ ਨਿਯਤ ਕਰਦੀ ਹੈ। ਆਮ ਤੌਰ 'ਤੇ 10 ਤੋਂ 20 ਜੂਨ ਦੇ ਦਰਮਿਆਨ ਇਹ ਮਿਤੀ ਨਿਯਤ ਕੀਤੀ ਜਾਂਦੀ ਹੈ। ਪੀ. ਆਰ.-126 ਤੇ ਪੂਸਾ-44 ਕਿਸਮਾਂ ਲਗਾਉਣ ਸੰਬੰਧੀ ਵੀ ਚਰਚਾ ਹੋ ਰਹੀ ਹੈ। ਅਜਿਹੀ ਸਥਿਤੀ 'ਚ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਬਾਸਮਤੀ ਦੀਆਂ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ 'ਚੋਂ ਚੁਣ ਕੇ ਕਿਸੇ ਕਿਸਮ ਦੀ ਕਾਸ਼ਤ ਕਰਨ ਜਾਂ ਫਿਰ ਪੀ.ਆਰ-121 (140 ਦਿਨ) ਕਿਸਮਾਂ 'ਚੋਂ ਚੋਣ ਕਰ ਲੈਣ। ਪੂਸਾ ਬਾਸਮਤੀ-1509, ਪੂਸਾ ਬਾਸਮਤੀ-1692 ਅਤੇ ਪੂਸਾ ਬਾਸਮਤੀ-1847 ਕਿਸਮਾਂ ਪੱਕਣ ਨੂੰ ਪੀ.ਆਰ-126 ਵਾਂਗ ਥੋੜ੍ਹਾ ਸਮਾਂ ਲੈਂਦੀਆਂ ਹਨ, ਪਿਛਲੇ ਸਾਲ ਇਨ੍ਹਾਂ ਕਿਸਮਾਂ ਨੇ ਝੋਨੇ ਨਾਲੋਂ ਵੱਧ ਮੁਨਾਫਾ ਦਿੱਤਾ। ਇਨ੍ਹਾਂ ਕਿਸਮਾਂ ਦੀ ਪਾਣੀ ਦੀ ਲੋੜ ਵੀ ਘੱਟ ਹੈ। ਜੇ ਯੋਗ ਸਮੇਂ 'ਤੇ ਟਰਾਂਸਪਲਾਂਟ ਕੀਤੀਆਂ ਜਾਣ ਅਤੇ ਮੌਨਸੂਨ ਛੇਤੀ ਆ ਜਾਵੇ ਤਾਂ ਕਈ ਵਾਰ ਇਹ ਬਾਰਿਸ਼ ਦੇ ਪਾਣੀ ਨਾਲ ਹੀ ਪੱਕ ਜਾਂਦੀਆਂ ਹਨ। ਪੀ. ਏ. ਯੂ. ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੂੰ ਵੀ ਬਾਸਮਤੀ ਦੀਆਂ ਇਨ੍ਹਾਂ ਕਿਸਮਾਂ ਨੂੰ ਕੁਝ ਰਕਬੇ 'ਤੇ ਬੀਜਣ ਲਈ ਕਿਸਾਨਾਂ ਨੂੰ ਕਹਿਣਾ ਚਾਹੀਦਾ ਹੈ। ਇਹ ਬਾਸਮਤੀ ਕਿਸਮਾਂ 25 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਝਾੜ ਦੇ ਦਿੰਦੀਆਂ ਹਨ। ਪਿਛਲੇ ਸਾਲ ਬਾਸਮਤੀ ਉਤਪਾਦਕਾਂ ਨੇ ਮੰਡੀ 'ਚ ਭਾਅ ਲਾਭਦਾਇਕ ਹੋਣ ਕਾਰਨ ਝੋਨੇ ਦੇ ਉਤਪਾਦਕਾਂ ਨਾਲੋਂ ਜ਼ਿਆਦਾ ਵੱਟਤ ਕੀਤੀ। ਇਸ ਸਾਲ ਵੀ ਆਲ-ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਬਾਸਮਤੀ ਦੇ ਨਾਮਵਰ ਐਕਸਪੋਰਟਰ, ਜੋ ਹੁਣੇ ਭਾਰਤ ਦੀ ਬਾਸਮਤੀ ਦਰਾਮਦ ਕਰਨ ਵਾਲੇ ਮੁਲਕਾਂ ਦੀ ਫੇਰੀ ਪਾ ਕੇ ਆਏ ਹਨ, ਕਹਿੰਦੇ ਹਨ ਕਿ ਇਸ ਸਾਲ ਵੀ ਬਾਸਮਤੀ ਦਾ ਭਾਅ ਲਾਹੇਵੰਦ ਹੀ ਰਹੇਗਾ। ਦੂਜੇ ਮੁਲਕਾਂ 'ਚ ਇਸ ਦੀ ਮੰਗ ਵੱਧ ਰਹੀ ਹੈ। ਇਨ੍ਹਾਂ ਬਾਸਮਤੀ ਕਿਸਮਾਂ ਦੀ ਚੋਣ ਨਾਲ ਫਸਲੀ ਵਿਭਿੰਨਤਾ ਵੀ ਆਏਗੀ ਅਤੇ ਪਾਣੀ ਦੀ ਬੱਚਤ ਹੋਵੇਗੀ।



# ਝੋਨੇ ਦੀਆਂ ਵੱਖ-ਵੱਖ ਕਿਸਮਾਂ ਦੀ ਪਨੀਰੀ ਦੀ ਬਿਜਾਈ ਅਤੇ ਲੁਆਈ ਲਈ ਢੁਕਵਾਂ ਸਮਾਂ ਅਤੇ ਢੰਗ

ਬੂਟਾ ਸਿੰਘ ਢਿੱਲੋਂ, ਗੁਰਪ੍ਰੀਤ ਕੌਰ ਅਤੇ ਰਣਵੀਰ ਸਿੰਘ ਗਿੱਲ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਮੋਬਾਇਲ : 81461-00360

ਝੋਨੇ ਦੀਆਂ ਸਿਫਾਰਸ਼ ਕਿਸਮਾਂ ਦਾ ਵੇਰਵਾ

| ਕਿਸਮ | ਬਿਜਾਈ ਦਾ ਸਮਾਂ | ਪਨੀਰੀ ਦੀ ਸਹੀ ਉਮਰ | ਔਸਤ ਝਾੜ (ਕੁ/ਏਕੜ) | ਪੱਕਣ ਲਈ ਸਮਾਂ (ਲੁਆਈ ਤੋਂ ਬਾਅਦ) | ਝੁਲਸ ਰੋਗ ਦੇ ਜੀਵਾਣੂੰਆਂ ਪ੍ਰਤੀ ਸਹਿਣਸ਼ੀਲਤਾ | ਝੋਨੇ ਦੀ ਕਟਾਈ/ਕਣਕ ਦੀ ਬਿਜਾਈ ਦਰਮਿਆਨ ਸਮਾਂ |
|---|---|---|---|---|---|---|
| ਪੀ.ਆਰ.131 | 20-25 ਮਈ | 30-35 ਦਿਨ | 31.0 | 110 | 10/10 | 22-27(ਦਿਨ) |
| ਪੀ.ਆਰ.129 | | | 30.0 | 108 | 10/10 | 24-29 |
| ਪੀ.ਆਰ.128 | | | 30.5 | 111 | 10/10 | 21-26 |
| ਪੀ.ਆਰ.122 | | | 31.5 | 117 | 10/10 | 15-20 |
| ਪੀ.ਆਰ.121 | | | 30.5 | 110 | 10/10 | 22-27 |
| ਪੀ.ਆਰ.114 | | | 27.5 | 115 | 5/10 | 17-22 |
| ਪੀ.ਆਰ.113 | | | 28.0 | 112 | 8/10 | 20-25 |
| ਪੀ.ਆਰ.130 | 25-31 ਮਈ | | 30.0 | 105 | 10/10 | 22-27 |
| ਐਚਕੇਆਰ 47 | | | 29.5 | 104 | 0/10 | 23-28 |
| ਪੀ.ਆਰ.127 | | | 30.0 | 107 | 10/10 | 20-25 |
| ਪੀ.ਆਰ.126 | 25 ਮਈ-20 ਜੂਨ | 25-30 ਦਿਨ | 30.0 | 93 | 7/10 | 25-40 |

ਝੋਨੇ ਦੀ ਪਨੀਰੀ ਨੂੰ ਖਾਦਾਂ ਦੀ ਮਾਤਰਾ ਅਤੇ ਖਾਦਾਂ ਪਾਉਣ ਦਾ ਵੇਰਵਾ

| ਖਾਦਾਂ | ਮਾਤਰਾ ਪ੍ਰਤੀ ਏਕੜ | ਪਾਉਣ ਦਾ ਸਮਾਂ |
|---|---|---|
| ਯੂਰੀਆ | 26 ਕਿੱਲੋ | ਪਨੀਰੀ ਦੀ ਬਿਜਾਈ ਸਮੇਂ (ਕੱਦੂ ਤੋਂ ਪਹਿਲਾਂ) |
| | 26 ਕਿੱਲੋ | ਬਿਜਾਈ ਤੋਂ 15 ਦਿਨ ਬਾਅਦ |
| ਸਿੰਗਲ ਸੁਪਰ ਫਾਸਫੇਟ | 60 ਕਿੱਲੋ | ਬਿਜਾਈ ਤੋਂ ਪਹਿਲਾਂ |
| ਜ਼ਿੰਕ ਸਲਫੇਟ (21%) ਜਾਂ ਜ਼ਿੰਕ ਸਲਫੇਟ (33%) | 40 ਕਿੱਲੋ ਜਾਂ 25.5 ਕਿੱਲੋ | ਬਿਜਾਈ ਤੋਂ ਪਹਿਲਾਂ |



# ਝੋਨੇ ਦੀ ਸਿਹਤਮੰਦ ਪਨੀਰੀ ਤਿਆਰ ਕਰਨ ਦਾ ਢੰਗ

ਸਭ ਤੋਂ ਪਹਿਲਾਂ ਟੱਬ ਜਾਂ ਬਾਲਟੀ ਵਿਚ ਲੋੜ ਅਨੁਸਾਰ ਬੀਜ ਨੂੰ ਪਾਣੀ ਵਿਚ ਭਿਉਂ ਦਿਓ ਅਤੇ ਚੰਗੀ ਤਰ੍ਹਾਂ ਹਿਲਾਓ ਤਾਂ ਜੋ ਹਲਕਾ ਅਤੇ ਫੋਕਾ ਬੀਜ ਤਰ ਕੇ ਉੱਪਰ ਆ ਜਾਵੇ। ਇਸ ਹਲਕੇ ਬੀਜ ਨੂੰ ਟੱਬ ਵਿੱਚੋਂ ਕੱਢ ਦਿਓ। ਹੁਣ ਬਾਕੀ ਬਚੇ ਭਾਰੇ ਬੀਜ ਨੂੰ ਛਾਂਵੇ ਪੱਲੀ ਉੱਤੇ ਖਿਲਾਰ ਕੇ ਹਵਾ ਲਵਾ ਲਓ। 8 ਕਿਲੋ ਝੋਨੇ ਦੇ ਬੀਜ ਲਈ 24 ਗਰਾਮ-ਸਪਰਿੰਟ 75 ਡਬਲਯੂ ਐੱਸ (ਮੈਨਕੋਜ਼ੇਬ + ਕਾਰਬੈਂਡਾਜ਼ਿਮ) ਦਵਾਈ ਨੂੰ 100 ਮਿਲੀਲਿਟਰ ਪਾਣੀ ਵਿਚ ਮਿਲਾ ਕੇ ਗਾੜ੍ਹਾ ਘੋਲ ਬਣਾ ਲਓ ਅਤੇ ਸਾਰੇ ਬੀਜ ਨੂੰ ਚੰਗੀ ਤਰ੍ਹਾਂ ਝੱਸ ਦਿਓ ਤਾਂ ਜੋ ਚੰਗੀ ਤਰ੍ਹਾਂ ਸਾਰੇ ਬੀਜ ਨੂੰ ਦਵਾਈ ਲੱਗ ਜਾਵੇ। ਪਾਣੀ ਦੀ ਮਾਤਰਾ ਸਿਫਾਰਿਸ਼ ਤੋਂ ਵੱਧ ਨਾ ਲਈ ਜਾਵੇ, ਨਹੀਂ ਤਾਂ ਸਾਰੀ ਦਵਾਈ ਵੱਧ ਪਾਣੀ ਦੇ ਕਾਰਨ ਬੀਜ ਨੂੰ ਲੱਗਣ ਦੀ ਬਜਾਏ ਨਿੱਤਰ ਜਾਵੇਗੀ।

ਹਰਵਿੰਦਰ ਸਿੰਘ ਅਤੇ ਅਮਰਜੀਤ ਸਿੰਘ,
ਕੇ.ਵੀ.ਕੇ. ਜਲੰਧਰ, ਮੋਬਾਇਲ : 94788-86565

# ਕਿਸਾਨ ਭਰਾਵਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

### ਕਮਾਦ

ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਡੀਲਾ/ਮੋਥਾ ਦੀ ਰੋਕਥਾਮ ਲਈ



2, 4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।

### ਅਰਹਰ

ਅਰਹਰ ਮਈ ਦੇ ਦੂਸਰੇ ਪੰਦਰ੍ਹਵਾੜੇ ਵਿਚ ਬੀਜ ਦਿਓ ਤਾਂ ਜੋ ਇਸ ਦਾ ਵਧੇਰੇ ਝਾੜ ਲਿਆ ਜਾ ਸਕੇ। 6 ਕਿਲੋ ਬੀਜ ਪ੍ਰਤੀ ਏਕੜ ਨੂੰ 50×25 ਸੈਂਟੀਮੀਟਰ ਫਾਸਲੇ ਉੱਪਰ ਬੀਜੋ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਅਰਹਰ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ ਬੈੱਡਾਂ ਉੱਤੇ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੀ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ।

### ਨਰਮਾ/ਕਪਾਹ

15 ਮਈ ਤੱਕ ਨਰਮੇ ਤੇ ਕਪਾਹ



ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਜਾਂ ਬੀ ਟੀ ਨਰਮੇ ਦੀਆਂ ਕਿਸਮਾਂ ਜਾਂ ਦੋਗਲੀਆਂ ਕਿਸਮਾਂ ਦੀ ਬਿਜਾਈ ਮੁਕੰਮਲ ਕਰ ਦਿਉ। ਕਪਾਹ-ਨਰਮੇ ਦੀ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਓ। ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ।

### ਹਰੇ ਚਾਰੇ

ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ। ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ।

### ਮੂੰਗਫਲੀ

ਸੇਂਜੂ ਹਾਲਤਾਂ ਵਿਚ ਮੂੰਗਫਲੀ ਦੀ ਕਿਸਮ ਜੇ 87 ਜਾਂ ਐਸ ਜੀ-99 ਜਾਂ ਐੱਮ-522 ਇਸ ਮਹੀਨੇ ਦੇ ਅਖੀਰ ਤੱਕ ਬੀਜ ਦਿਓ।

### ਸੂਰਜਮੁਖੀ

ਇਸ ਮਹੀਨੇ ਗਰਮੀ ਕਾਫੀ ਹੋ ਜਾਂਦੀ ਹੈ। ਸੂਰਜਮੁਖੀ ਦੇ ਚੰਗੇਰੇ ਵਧੇ ਲਈ 8-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ। ਫੁੱਲਾਂ ਤੇ ਆਈ ਫਸਲ ਨੂੰ ਅਤੇ ਉਸ ਤੋਂ ਪਿੱਛੋਂ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ।

### ਬਾਗਬਾਨੀ


ਗਰਮੀ ਵਧਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ। ਆੜੂ ਅਤੇ ਅਲੂਚੇ ਦੇ ਬਾਗਾਂ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ। ਅੰਬ, ਲੀਚੀ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਫਲਾਂ ਨੂੰ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਫਲਦਾਰ ਬੂਟਿਆਂ ਦੇ ਮੁੱਢਾ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ। ਛੋਟੇ ਫਲਦਾਰ ਬੂਟਿਆਂ ਨੂੰ ਧੁੱਪ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ।

### ਸਬਜ਼ੀਆਂ

ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ। ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ। ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ। ਮਾਰਚ ਵਿਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਹਾੜ੍ਹੀ ਦੇ ਪਿਆਜ਼ ਦੀ ਭੂਕਾ ਸੁੱਕ ਕੇ ਡਿੱਗਣ ਤੇ ਪੁਟਾਈ ਕਰੋ। ਪੁਟਾਈ ਕਰਨ ਤੋਂ ਬਾਅਦ 3-4 ਦਿਨ ਤੱਕ ਛਾਂ ਵਿਚ ਪਤਲੀਆਂ ਤਹਿਆਂ ਵਿਚ ਖਿਲਾਰ ਕੇ ਪਿਆਜ਼ ਨੂੰ ਪੱਕਣ ਦਿਉ। ਫਿਰ 1-2 ਸੈਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਓ। ਸੁੱਕੀ ਅਤੇ ਹਵਾਦਾਰ ਜਗ੍ਹਾ ਤੇ ਭੰਡਾਰ ਕਰ ਲਉ।

### ਪਸ਼ੂ ਪਾਲਣ

ਅੰਦਰੂਨੀ ਕੀਟ ਰੋਗ ਜਿਵੇਂ ਕਿ



ਗੋਲ ਕੀੜੇ, ਚਪਟੇ ਕੀੜੇ ਆਦਿ ਦਾ ਵੱਖ-ਵੱਖ ਇਲਾਜ ਕੀਤਾ ਜਾਂਦਾ ਹੈ। ਇਨ੍ਹਾਂ ਦੇ ਖਾਤਮੇ ਲਈ ਕਈ ਦਵਾਈਆਂ ਜਿਵੇਂ ਕਿ ਪਿਪਰਜੀਨ ਪਾਊਡਰ, ਫੇਨ ਬੈਂਡਾਜ਼ੋਲ, ਅਲਬੈਂਡਾਜ਼ੋਲ ਆਦਿ ਵਰਤ ਸਕਦੇ ਹਾਂ। ਰੋਗੀ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਵੱਖ ਰੱਖੋ। ਸ਼ੱਕ ਦੀ ਹਾਲਤ ਵਿਚ ਸਾਰੇ ਵੱਗ ਦੇ ਗੋਹੇ ਦੀ ਲੈਬੋਰੇਟਰੀ ਤੋਂ ਪਰਖ ਕਰਵਾਉ ਅਤੇ ਖਾਸ ਕਰਕੇ ਉਨ੍ਹਾਂ ਪਸ਼ੂਆਂ ਦੀ ਜੋ ਕਿ ਖੁਰਾਕ ਪੂਰੀ ਮਿਲਣ ਦੇ ਬਾਵਜੂਦ ਵੀ ਕਮਜ਼ੋਰ ਰਹਿੰਦੇ ਹਨ। ਖੂਨ ਦੀ ਪਰਖ ਵੀ ਜ਼ਰੂਰੀ ਹੈ ਕਿਉਕਿ ਕਈ ਰੋਗਾਂ ਦੀਆਂ ਨਿਸ਼ਾਨੀਆਂ ਦਿਖਣ ਤੋਂ ਪਹਿਲਾਂ ਹੀ ਪਛਾਣ ਕੀਤੀ ਜਾ ਸਕਦੀ ਹੈ। ਕੱਟੜੂ/ਵੱਛੜੂਆਂ ਨੂੰ ਪਹਿਲੇ 3 ਮਹੀਨੇ ਦੀ ਉਮਰ ਤੱਕ 3-4 ਵਾਰ ਕਿਰਮ ਰਹਿਤ ਕਰੋ।




## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।

ਝੋਨੇ ਨੂੰ ਬਹੁਤਾ ਪਾਣੀ ਲਗਾਉਣ ਕਰਕੇ ਪੰਜਾਬ ਵਿਚ ਪਾਣੀ ਦੀ ਘਾਟ ਨਜ਼ਰ ਆਉਣ ਲੱਗ ਪਈ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਕਿ ਫਸਲ ਦੀ ਲੁਆਈ ਅਗੇਤੀ ਨਾ ਕੀਤੀ ਜਾਵੇ। ਅਗੇਤੀ ਫਸਲ ਉੱਤੇ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਵੀ ਹੁੰਦਾ ਹੈ। ਉਂਝ ਵੀ ਜਦੋਂ ਅਗੇਤੀ ਫਸਲ ਪੱਕਦੀ ਹੈ ਤਾਂ ਉਦੋਂ ਅਜੇ ਬਰਸਾਤ ਹੁੰਦੀ ਰਹਿੰਦੀ ਹੈ। ਜਿਸ ਨਾਲ ਪੱਕੀ ਫਸਲ ਖਰਾਬ ਹੋ ਜਾਂਦੀ ਹੈ ਅਤੇ ਮੰਡੀ ਵਿਚ ਬਹੁਤ ਘੱਟ ਮੁੱਲ ਪ੍ਰਾਪਤ ਹੁੰਦਾ ਹੈ।



# ਝੋਨੇ ਦੀ ਅਗੇਤੀ ਲੁਆਈ ਨਾ ਕਰੋ

ਡਾ. ਰਣਜੀਤ ਸਿੰਘ

ਝੋਨੇ ਨੂੰ ਬਹੁਤਾ ਪਾਣੀ ਲਗਾਉਣ ਕਰਕੇ ਪੰਜਾਬ ਵਿਚ ਪਾਣੀ ਦੀ ਘਾਟ ਨਜ਼ਰ ਆਉਣ ਲੱਗ ਪਈ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਕਿ ਫਸਲ ਦੀ ਲੁਆਈ ਅਗੇਤੀ ਨਾ ਕੀਤੀ ਜਾਵੇ। ਅਗੇਤੀ ਫਸਲ ਉੱਤੇ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਵੀ ਹੁੰਦਾ ਹੈ। ਉਂਝ ਵੀ ਜਦੋਂ ਅਗੇਤੀ ਫਸਲ ਪੱਕਦੀ ਹੈ ਤਾਂ ਉਦੋਂ ਅਜੇ ਬਰਸਾਤ ਹੁੰਦੀ ਰਹਿੰਦੀ ਹੈ। ਜਿਸ ਨਾਲ ਪੱਕੀ ਫਸਲ ਖਰਾਬ ਹੋ ਜਾਂਦੀ ਹੈ ਅਤੇ ਮੰਡੀ ਵਿਚ ਬਹੁਤ ਘੱਟ ਮੁੱਲ ਪ੍ਰਾਪਤ ਹੁੰਦਾ ਹੈ। ਝੋਨੇ ਦੀ ਪਨੀਰੀ 25-30 ਦਿਨਾਂ ਦੀ ਹੋਣ ਉਪਰੰਤ ਖੇਤ ਵਿਚ ਲਗਾਈ ਜਾ ਸਕਦੀ ਹੈ।

ਕਈ ਕਿਸਾਨ ਅਗੇਤਾ ਝੋਨਾ ਲਗਾਉਣ ਦਾ ਯਤਨ ਕਰਦੇ ਹਨ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਹੀ ਕਮੀ ਨਹੀਂ ਬੀਜ ਹਮੇਸ਼ਾ ਸਿਫਾਰਸ਼ ਕੀਤੀ ਕਿਸਮ ਦਾ ਅਤੇ ਭਰੋਸੇਯੋਗ ਵਸੀਲੇ ਤੋਂ ਪ੍ਰਾਪਤ ਕਰੋ। ਪੰਜਾਬ ਵਿਚ ਕਾਸ਼ਤ ਲਈ ਪੀ ਆਰ-113, ਪੀ ਆਰ-114, ਪੀ ਆਰ-121, ਪੀ ਆਰ-122, ਪੀ ਆਰ-130, ਪੀ ਆਰ-128, ਐਚ ਕੇ ਆਰ-47, ਪੀ ਆਰ-127 ਕਿਸਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਿਛੇਤੀ ਬਿਜਾਈ ਲਈ ਪੀ ਆਰ-126 ਦੀ ਕਾਸ਼ਤ ਕਰਨੀ ਚਾਹੀਦੀ ਹੈ। ਇਹ 30 ਕੁਇੰਟਲ ਝਾੜ ਪ੍ਰਤੀ ਏਕੜ ਦਿੰਦੀ ਹੈ ਤੇ 93 ਦਿਨਾਂ ਵਿਚ ਪੱਕ ਜਾਂਦੀ ਹੈ। ਇਸ ਕਿਸਮ ਦੀ ਕੁੱਝ ਰਕਬੇ ਵਿਚ ਬਿਜਾਈ ਜਰੂਰ ਕਰੋ। ਇਕ ਏਕੜ ਦੀ ਬਿਜਾਈ ਲਈ 8 ਕਿਲੋ ਬੀਜ ਦੀ ਵਰਤੋਂ ਕਰੋ। ਬੀਜ ਰੋਗ ਰਹਿਤ ਹੋਣਾ ਚਾਹੀਦਾ ਹੈ। ਪਨੀਰੀ ਬੀਜਣ ਸਮੇਂ ਬੀਜ ਨੂੰ ਪਾਣੀ ਵਿਚ ਭਿਉਂ ਲਵੋ। ਇੰਝ ਕਮਜ਼ੋਰ ਬੀਜ ਉੱਤੇ ਤਰ ਪੈਣਗੇ। ਫਿਰ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰੋ। 10×2 ਮੀਟਰ ਦੀਆਂ ਕਿਆਰੀਆਂ ਬਣਾ ਕੇ ਪਨੀਰੀ ਬੀਜੋ। ਪਨੀਰੀ ਬੀਜਣ ਸਮੇਂ 26 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਵੋ। ਜੇਕਰ 40 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਪਾ ਦਿੱਤੀ ਜਾਵੇ ਤਾਂ ਪਨੀਰੀ ਚੰਗੀ ਹੋ ਜਾਂਦੀ ਹੈ।

ਪੀ ਆਰ-131 ਅਤੇ ਪੀ ਆਰ-122 ਦਾ ਝਾੜ 31 ਕੁਇੰਟਲ ਤੋਂ ਵਧ ਪ੍ਰਾਪਤ ਹੋ ਜਾਂਦਾ ਹੈ ਪਰ ਇਹ ਪੱਕਣ ਵਿਚ 115 ਕੁ ਦਿਨ ਲੈਂਦੀਆਂ ਹਨ। ਧਰਤੀ ਹੇਠਲੇ ਪਾਣੀ ਦੀ ਆ ਰਹੀ ਕਮੀ ਨੂੰ ਵੇਖਦੇ ਹੋਇਆ ਸਾਨੂੰ ਘੱਟ ਸਮੇਂ ਵਿਚ ਤਿਆਰ ਹੋਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਖੇਤ ਵਿਚ ਲਗਾਤਾਰ ਪਾਣੀ ਖੜਾ ਨਾ ਰੱਖਿਆ ਜਾਵੇ। ਪਨੀਰੀ ਲਗਾਉਣ ਤੋਂ ਦੋ ਹਫਤੇ ਤੱਕ ਹੀ ਪਾਣੀ ਖੜ੍ਹਾ ਰੱਖਿਆ ਜਾਵੇ। ਪਿਛੋਂ ਉਦੋਂ ਲਾਵੋ ਜਦੋਂ ਪਾਣੀ ਸੁੱਕੇ ਨੂੰ ਦੋ ਦਿਨ ਹੋ ਗਏ ਹੋਣ। ਉਚੀਆਂ ਅਤੇ ਰੇਤਲੀਆਂ ਧਰਤੀਆਂ ਵਿਚ ਝੋਨਾ ਨਹੀਂ ਲਗਾਉਣਾ ਚਾਹੀਦਾ ਸਗੋਂ ਮੱਕੀ ਅਤੇ ਬਾਜਰੇ ਦੀ ਖੇਤੀ ਕਰਨੀ ਚਾਹੀਦੀ ਹੈ। ਬਾਸਮਤੀ ਹੇਠ ਵੀ ਰਕਬੇ ਵਿਚ ਵਾਧੇ ਦੀ ਲੋੜ ਹੈ। ਪੂਸਾ ਬਾਸਮਤੀ 1847 ਅਤੇ ਪੰਜਾਬ ਬਾਸਮਤੀ-7 ਪੱਕਣ ਵਿਚ ਕੇਵਲ 100 ਦਿਨ ਲੈਂਦੀਆਂ ਹਨ ਅਤੇ 19 ਕੁਇੰਟਲ ਝਾੜ ਪ੍ਰਤੀ ਏਕੜ ਦੇ ਦਿੰਦੀਆਂ ਹਨ। ਇਨ੍ਹਾਂ ਦੋਵਾਂ ਕਿਸਮਾਂ ਦੀ ਪਨੀਰੀ ਜੂਨ ਦੇ ਪਹਿਲੇ ਪੰਦਰਵਾੜੇ ਬੀਜਣੀ ਚਾਹੀਦੀ ਹੈ। ਪੱਕਣ ਵਿਚ ਵਧ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਕਾਸ਼ਤ ਨਾ ਕੀਤੀ ਜਾਵੇ। ਤਰ-ਵਤਰ ਵਿਚ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾ ਸਕਦੀ ਹੈ। ਸਿੱਧੀ ਬਿਜਾਈ ਪਹਿਲੀ ਜੂਨ ਤੋਂ ਸ਼ੁਰੂ ਕਰੋ।

ਧਰਤੀ ਦੀ ਸਿਹਤ ਠੀਕ ਰੱਖਣ ਲਈ ਅਤੇ ਫਸਲਾਂ ਦਾ ਪੂਰਾ ਝਾੜ ਲੈਣ ਲਈ ਰੂੜੀ ਦੀ ਲੋੜ ਹੈ। ਪਰ ਪਿੰਡਾਂ ਵਿਚ ਪਸ਼ੂਆਂ ਦੀ ਗਿਣਤੀ ਘੱਟ ਜਾਣ ਨਾਲ ਲੋੜ ਅਨੁਸਾਰ ਰੂੜੀ ਦੀ ਪ੍ਰਾਪਤੀ ਔਖੀ ਹੋ ਗਈ ਹੈ। ਇਸ ਘਾਟ ਨੂੰ ਕੁਝ ਹਦ ਤਕ ਹਰੀ ਖਾਦ ਨਾਲ ਪੂਰਾ ਕੀਤਾ ਜਾ ਸਕਦਾ ਹੈ। ਹਰੇਕ ਸਾਲ ਕੁਝ ਰਕਬੇ ਵਿਚ ਹਰੀ ਖਾਦ ਦੀ ਬਿਜਾਈ ਜ਼ਰੂਰ ਕੀਤੀ ਜਾਵੇ। ਕਣਕ ਦੀ ਵਾਢੀ ਪਿਛੋਂ ਰੌਣੀ ਕਰਕੇ ਹਰੀ ਖਾਦ ਦੀ ਬਿਜਾਈ ਕੀਤੀ ਜਾ ਸਕਦੀ ਹੈ। ਢੈਂਚਾ, ਸਣ ਅਤੇ ਰਵਾਂਹ ਨੂੰ ਹਰੀ ਖਾਦ ਲਈ ਬੀਜਿਆ ਜਾ ਸਕਦਾ ਹੈ। ਇਕ ਏਕੜ ਲਈ ਢੈਂਚਾ ਅਤੇ ਸਣ ਦਾ 20 ਕਿਲੋ ਬੀਜ ਚਾਹੀਦਾ ਹੈ ਜਦੋਂ ਕਿ ਰਵਾਂਹ ਦਾ 12 ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਢੈਂਚੇ ਦੇ ਬੀਜ ਨੂੰ ਬੀਜਣ ਤੋਂ ਪਹਿਲਾਂ ਅੱਠ ਘੰਟੇ ਪਾਣੀ ਵਿਚ ਭਿਉਂ ਕੇ ਰੱਖੋ। ਝੋਨੇ ਦੀ ਪਨੀਰੀ ਲਗਾਉਣ ਤੋਂ ਇਕ ਦਿਨ ਪਹਿਲਾਂ ਫਸਲ ਨੂੰ ਖੇਤਰ ਵਿਚ ਵਾਹ ਦਿੱਤਾ ਜਾਵੇ। ਹਰੀ ਖਾਦ ਨਾਲ 25 ਕਿਲੋ ਨਾਈਟ੍ਰਜਨ (55 ਕਿਲੋ ਯੂਰੀਆ ਪ੍ਰਤੀ ਏਕੜ) ਘੱਟ ਪਾਉਣ ਦੀ ਲੋੜ ਪੈਂਦੀ ਹੈ। ਢੈਂਚੇ ਨਾਲ ਤਾਂ ਲੋਹੇ ਦੀ ਘਾਟ ਵੀ ਪੂਰੀ ਹੋ ਜਾਂਦੀ ਹੈ। ਪੰਜਾਬ ਢੈਂਚਾ-1, ਢੈਂਚੇ ਦੀ ਸਿਫਾਰਸ਼ ਕੀਤੀ ਗਈ ਕਿਸਮ ਹੈ।

ਪੀ ਏ ਯੂ 1691 ਅਤੇ ਨਰਿੰਦਰ ਸਨਈ-1 ਸਣ ਦੀਆਂ ਉੱਨਤ ਕਿਸਮਾਂ ਹਨ। ਰਵਾਂਹ ਦੀ ਸੀ ਐਲ 367 ਉੱਨਤ ਕਿਸਮ ਹੈ। ਇਸ ਵਾਰ ਰਕਬੇ ਵਿਚ ਹਰੀ ਖਾਦ ਦੀ ਜ਼ਰੂਰ ਬਿਜਾਈ ਕੀਤੀ ਜਾਵੇ ਤਾਂ ਜੋ ਧਰਤੀ ਦੀ ਸਿਹਤ ਨੂੰ ਬਣਾਈ ਰੱਖਿਆ ਜਾ ਸਕੇ।



KSA BEW KSP
KS Group PUNJAB
www.ksagrotech.org
sales@ksagrotech.org
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ


KSA Straw Reaper
ਕ੍ਰਾਂਤੀ ਸਟਰਾ-ਰੀਪਰ ਬੁੱਕ ਕਰਵਾਓ
ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ
Contact No.
+91 92170-70555
+91 92170-71755